# ਤੇ ਸੰਤ ਭਲੇ ਗੁਰਸਿਖ ਹੈ

ਲੇਖਕ
**ਕੰਵਰ ਅਜੀਤ ਸਿੰਘ**

ਪ੍ਰਕਾਸ਼ਕ
ਗੁਰਮਤਿ ਵਿਚਾਰ ਕੇਂਦਰ, ਸਿਉਨਾ ਰੋਡ, ਪਟਿਆਲਾ

# TE SANT BHALE GURSIKH HAI

by
**Kanwar Ajit Singh**
20/77, Ranjit Nagar, G-Block,
Seona Road, Patiala.

**Publications**
Gurmat Vichar Kendar
Seona Road, Patiala

**ਕੰਵਰ ਅਜੀਤ ਸਿੰਘ**
20/77, ਰਣਜੀਤ ਨਗਰ, ਜੀ-ਬਲਾਕ
ਸਿਉਨਾ ਰੋਡ, ਪਟਿਆਲਾ
ਫੋਨ : 0175-2359328
ਮੋਬਾ. : 98151-56818, 95018-77116
e-mail : sdkajitsingh@yahoo.co.in
www : gurmatvichar.info
www : gurmatvichar.org

**ਪਹਿਲੀ ਵਾਰ : ਜੁਲਾਈ 2011 (1000 ਕਾਪੀ)**

@ : **ਕਰਤਾ ਦੇ ਸਭ ਹੱਕ ਰਾਖਵੇਂ ਹਨ**

ਲੇਜ਼ਰ ਟਾਈਪ ਸੈਟਿੰਗ :
ਕੱਕੜ ਕੰਪਿਊਟਰ, ਪਟਿਆਲਾ
98150-30588

ਪ੍ਰਿੰਟਰਜ਼ :
ਡੈਫੋਡਿਲਜ਼ ਪ੍ਰਿੰਟਰਜ਼, ਫੈਕਟਰੀ ਏਰੀਆ, ਪਟਿਆਲਾ

ਕੀਮਤ : 15/- ਰੁਪਏ

# ਸਮਰਪਣ

ਨਾਮ ਦਾਨ ਇਸ਼ਨਾਨ ਦੇ ਧਾਰਨੀ ਗ੍ਰੰਥ ਪੰਥ ਨੂੰ ਸਮਰਪਿਤ
ਸਮੂਹ ਗੁਰਮੁਖਾਂ, ਸੰਤਾਂ, ਭਗਤਾਂ, ਮਹਾਂਪੁਰਸ਼ਾਂ, ਵਰਤਮਾਨ
ਅਤੇ ਪੁਰਾਤਨ ਸ਼ਹੀਦ ਸਿੰਘਾਂ ਨੂੰ ਯਾਦ ਕਰਨ
ਲਈ ਇਕ ਨਿਮੂਣਾ ਉਦਮ ਹੈ ।

# ਤਤਕਰਾ


- ਭੂਮਿਕਾ
- ਆਰੰਭਕ ਸ਼ਬਦ
- ਛੀਨਾ ਖ਼ਾਨਾਨ ਦਾ ਕੁਰਸੀਨਾਮਾ
- ਖ਼ਾਨਦਾਨ ਦਾ ਪਿਛੋਕੜ
- ਮੁਢਲੀ ਜਾਣ ਪਛਾਣ
- ਧਰਮ ਦੀ ਕਿਰਤ
- ਜਬਰੀ ਰਿਟਾਇਰਮੈਂਟ ਅਤੇ ਬਹਾਲੀ
- ਸਿਖੀ ਪਰਖ
- ਈਮਾਨਦਾਰੀ ਅਤੇ ਦ੍ਰਿੜਤਾ
- ਕੋਈ ਲਿਹਾਜ ਨਹੀਂ
- ਰਜ਼ਾ ਵਿਚ ਰਾਜ਼ੀ
- ਹੈਡ ਕੁਆਰਟਰ
- ਵਿਹਲ ਨਹੀਂ
- ਖਬਰਦਾਰ ! ਖਬਰਦਾਰ !
- ਸਿਖੀ ਸਿਦਕ
- ਮੇਰਾ ਬਾਬਾ ਮੇਰੇ ਘਰ ਹੀ ਹੈ
- ਨਿਜੀ ਜੀਵਨ
- ਆਖਰੀ ਮੁਲਾਕਾਤ


# ਆਰੰਭਕ ਸ਼ਬਦ

ਸਾਡੇ ਦੇਸ਼ ਵਿਚ ਅੱਜ ਜੋ ਖੁਸ਼ੀਆਂ ਖੇੜੇ, ਸੁੰਦਰ ਮਹਲ ਮਾੜੀਆਂ, ਸੋਹਣੇ ਫੁੱਲਾਂ ਦੇ ਬਾਗ ਬਗੀਚੇ, ਹਸੂੰ ਹਸੂੰ ਕਰਦੇ ਬਾਲ ਅਤੇ ਹੋਰ ਰੋਣਕਾਂ ਦਿਖ ਰਹੀਆਂ ਹਨ, ਇਹ ਸਭ ਗੁਰੂ ਨਾਨਕ ਸੱਚੇ ਪਾਤਸ਼ਾਹ ਦੀ ਕ੍ਰਿਪਾ ਸਦਕਾ ਅਸਾਨੂੰ ਪ੍ਰਾਪਤ ਹੋਈਆਂ ਹਨ । ਕਿਉਂਕਿ ਗੁਰੂ ਆਗਮਨ ਤੋਂ ਪਹਿਲਾਂ ਸਾਡੇ ਦੇਸ਼ ਵਿਚ, ਖਾਸ ਕਰਕੇ ਉੱਤਰੀ ਭਾਰਤ ਵਿਚ ਕੰਨਪਾਟੇ ਜੋਗੀਆਂ ਦੇ ਗੁਰੂ ਗੋਰਖ ਨਾਥ ਦਾ ਰਾਜ ਸੀ । ਇਨ੍ਹਾਂ ਦਾ ਪਹਿਲਾ ਉਪਦੇਸ਼ ਸੀ ਘਰ ਬਾਰ ਤਿਆਗੋ

ਕੰਨਾਂ ਵਿਚ ਮੁੰਦਰਾਂ ਪਾਓ ਅਤੇ ਚਿਪੀ ਹੱਥ ਵਿਚ ਫੜਕੇ ਭਿਖਿਆ ਮੰਗ ਕੇ ਲਿਆਓ; ਇਸ ਪਿਛੋਂ ਆਪਣੇ ਮੱਤ ਵਿਚ ਰਲਾਉਂਦੇ ਸੀ ।

ਇਸਤਰੀ ਦੀ ਘੋਰ ਨਿੰਦਾ ਕਰਦੇ ਸਨ ਅਤੇ ਇਨ੍ਹਾਂ ਦੇ ਖਿਆਲ ਅਨੁਸਾਰ ਗ੍ਰਿਹਸਥੀ ਮਨੁੱਖ ਆਤਮਿਕ ਉਨਤੀ ਕਰਕੇ ਕਲਿਆਣ ਨਹੀਂ ਪਾ ਸਕਦੇ । ਇਨ੍ਹਾਂ ਦੀ ਜੀਵਨ ਸ਼ੈਲੀ ਹੀ ਐਸੀ ਸੀ ਕਿ ਪ੍ਰਾਣਾਯਾਮ ਅਤੇ ਹੋਰ ਹਠ ਯੋਗ ਦੇ ਆਸਣ ਕਰਨ ਵਾਲਾ ਬੰਦਾ ਗ੍ਰਿਹਸਥ ਆਸ਼ਰਮ ਦੇ ਫਰਜ਼ ਪੂਰੇ ਹੀ ਨਹੀਂ ਕਰ ਸਕਦਾ । ਜ਼ਰਾ ਸੋਚੋ ਜੇ ਸਾਡੇ ਦੇਸ਼ ਵਾਸੀ ਸਾਰੇ ਹੀ ਗੋਰਖ ਨਾਥ ਦੇ ਚੇਲੇ ਬਣ ਜਾਂਦੇ, ਤਾਂ ਨਾ ਕਿਸੇ ਨੇ ਵਿਆਹ ਕਰਾਉਣਾ ਸੀ ਅਤੇ ਨਾ ਕੋਈ ਉਤਪਤੀ ਹੋਣੀ ਸੀ । ਦੋ ਪੁਸ਼ਤਾਂ ਵਿਚ ਸਾਰੇ ਬੰਦੇ ਮਰ ਜਾਂਦੇ ਅਤੇ ਸਾਡਾ ਦੇਸ਼ ਵੀਰਾਨ ਕਬਰਿਸਤਾਨ ਅਤੇ ਜੰਗਲ ਦੇ ਰੂਪ ਵਿਚ ਬਦਲ ਜਾਂਦਾ ।

ਪ੍ਰਮੇਸ਼ਰ ਨੂੰ ਦਯਾ ਆਈ ਅਤੇ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਦਾ ਆਗਮਨ ਹੋਇਆ, ਲੋਗ ਗ੍ਰਿਹਸਥ ਆਸ਼ਰਮ ਦੇ ਧਾਰਨੀ ਹੋਏ ਅਤੇ ਗੁਰੂ ਬਾਬੇ ਨੇ ਗ੍ਰਿਹਸਥੀਆਂ ਦੇ ਕਲਿਆਣ ਲਈ “ਗਿਰਸਤ ਮਹਿ ਉਦਾਸ” ਵਾਲਾ ਸਿੱਖ ਧਰਮ ਚਲਾਇਆ।

**ਸਤਿਗੁਰ ਕੀ ਐਸੀ ਵਡਿਆਈ ॥**
**ਪੁਤ੍ਰ ਕਲਤ੍ਰ ਵਿਚੇ ਗਤਿ ਪਾਈ ॥ ਅੰਗ ੬੬੧ ॥**

**ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥**
**ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥**
**ਅੰਗ 552 ॥**

ਗੁਰੂ ਸਾਹਿਬ ਨੇ ਆਪ ਗ੍ਰਿਹਸਤ ਧਾਰਨ ਕੀਤਾ, ਨੌਕਰੀ ਕੀਤੀ, ਤਕੜੀ ਤੋਲੀ ਅਤੇ ਜੀਵਨ ਦੇ ਅੰਤ ਸਮੇਂ ਤਕਰੀਬਨ ਅਠਾਰਾਂ ਸਾਲ ਖੇਤੀ ਕੀਤੀ । ਸੰਸਾਰੀ ਬਣ ਕੇ ਆਪਣੇ ਉਪਦੇਸ਼ਾਂ ਨਾਲ ਸੰਸਾਰੀਆਂ, ਗੁਰਸਿਖਾਂ ਨੂੰ ਜੀਵਨ ਮੁਕਤ ਹੋਣ ਦੇ ਰਾਹ ਤੇ ਚਲਾਇਆ । ਜਦ ਜੋਗੀਆਂ ਨੇ ਤਰਕ ਮਾਰੀ ਕਿ ਤੂੰ ਇਕ ਵਾਰੀ ਉਦਾਸ ਦਾ ਭੇਖ ਧਾਰਨ ਕਰਕੇ ਮੁੜ ਗ੍ਰਿਹਸਤੀ ਬਣ ਗਿਆ ਹੈਂ ਇਸ ਲਈ ਤੇਰੀ ਗਤੀ ਨਹੀਂ ਹੋਵੇਗੀ :-

**ਪੁਛੇ ਜੋਗੀ ਭੰਗ੍ਰ ਨਾਥ ਤੁਹਿ ਦੁਧ ਵਿਚ ਕਿਉਂ ਕਾਂਜੀ ਪਾਈ ।**
**ਫਿਟਿਆ ਚਾਟਾ ਦੁਧ ਦਾ ਰਿੜਕਿਆ ਮੱਖਣ ਹੱਥ ਨਾ ਆਈ ।**
**ਭੇਖ ਉਤਾਰ ਉਦਾਸ ਦਾ ਵਤ, ਕਿਉਂ ਸੰਸਾਰੀ ਰੀਤ ਚਲਾਈ ।**

ਗੁਰੂ ਬਾਬੇ ਨੇ ਉੱਤਰ ਦਿੱਤਾ :-

**ਨਾਨਕ ਆਖੇ ਭੰਗ੍ਰ ਨਾਥ ਤੇਰੀ ਮਾਉਂ ਕੁਚੱਜੀ ਆਈ ।**
**ਭਾਂਡਾ ਧੋਇ ਨ ਜਾਤਿਓਨ ਭਾਇ ਕੁਚੱਜੇ ਫੁਲ ਸੜਾਈ ।**
**ਹੋਇ ਅਤੀਤ ਗ੍ਰਿਹਸਤ ਤਜ, ਫਿਰ ਉਨਹੂੰ ਕੇ ਘਰ ਮਗਣ ਜਾਈ ।**
**ਬਿਨ ਦਿਤੇ ਕਛ ਹੱਥ ਨਾ ਆਈ । (ਭਾ. ਗੁ: ਵਾ. 1 ਪਉੜੀ 40)**

ਗੁਰੂ ਸਾਹਿਬ ਨੇ ਬਿਲਕੁਲ ਸਿਧਰਾ ਪੱਧਰਾ, ਪ੍ਰੇਮਾ ਭਗਤੀ ਅਤੇ ਸਹਿਜ ਯੋਗ ਦਾ ਮਾਰਗ ਚਲਾਇਆ । ਵਿਹਲੜ ਰਹਿ ਕੇ ਸਮਾਜ ਤੇ ਬੋਝ ਬਣਨ ਦੀ ਬਜਾਇ ਇਹ ਉਪਦੇਸ਼ ਦਿੱਤਾ :

**ਉਦਮ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥**
**ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤੁ ॥ ਅੰਗ 522 ॥**

ਭਾਵ, ਉਦਮ ਕਰਕੇ ਆਪਣੀ ਰੋਜ਼ੀ ਰੋਟੀ ਕਮਾ ਕੇ ਸੰਸਾਰੀ ਸੁਖਾਂ ਦਾ ਆਨੰਦ ਮਾਣ । ਨਾਲ ਹੀ ਪਰਮੇਸ਼ਰ ਦੀ ਅਰਾਧਨਾ ਕਰਕੇ ਪ੍ਰਭੂ ਨੂੰ ਮਿਲ । ਇਸ ਨਾਲ ਹਰ ਪ੍ਰਕਾਰ ਦੀ ਚਿੰਤਾ ਦੂਰ ਹੋ ਜਾਂਦੀ ਹੈ ।

ਗੁਰੂ ਸਾਹਿਬ ਨੇ ਪੈਸਾ ਕਮਾਉਣ ਲਈ ਮਨ੍ਹਾ ਨਹੀਂ ਕੀਤਾ ਪਰ ਹੇਰਾ ਫੇਰੀਆਂ ਨਾਲ ਕੋਝੇ ਢੰਗ ਅਪਣਾ ਕੇ ਪੈਸਾ ਕਮਾਉਣ ਲਈ ਵਰਜਿਆ ਹੈ :

**ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥**
**ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨਾ ਖਾਇ ॥ ਅੰਗ 142 ॥**

ਸਿੱਖੀ ਵਿਚ ਘੁਸਪੈਠ ਕਰਨ ਵਾਲੇ ਕਾਮਰੇਡ ਟੋਲੇ ਵਲੋਂ ਇਹ ਕੂੜ ਪ੍ਰਚਾਰ ਭੀ ਜ਼ੋਰ ਸ਼ੋਰ ਨਾਲ ਹੋ ਰਿਹਾ ਹੈ ਕਿ ਗੁਰੂ ਸਾਹਿਬ ਤਾਂ ਸਮਾਜ ਵੱਲੋਂ ਦਰੜੇ ਕੁਚਲੇ ਗਰੀਬ ਲੋਕਾਂ ਦੀ ਬਾਂਹ ਫੜਨ ਆਏ ਸੀ ਇਸੇ ਲਈ ਉਨ੍ਹਾਂ ਨੇ ਸ਼ਾਸ਼ਕ ਵਰਗ ਨੂੰ

**'ਰਾਜੇ ਸੀਹ ਮੁਕਦਮ ਕੁੱਤੇ' ॥ (ਅੰਗ 1288)**

ਆਖ ਕੇ ਭੰਡਿਆ ਹੈ । ਪਰ ਜੇ ਇਤਿਹਾਸ ਵੱਲ ਝਾਤੀ ਮਾਰੀਏ ਤਾਂ ਨਤੀਜਾ ਕੁਝ ਹੋਰ ਨਿਕਲਦਾ ਹੈ । ਗੁਰੂ ਨਾਨਕ ਸਚੇ ਪਾਤਸ਼ਾਹ ਦਾ, ਬੇਬੇ ਨਾਨਕੀ ਤੋਂ ਪਿਛੋਂ, ਪਹਿਲਾ ਸਿੱਖ ਰਾਇ ਭੋਏ ਕੀ ਤਲਵੰਡੀ ਦਾ ਹਾਕਮ ਰਾਇ ਬੁਲਾਰ ਸੀ । ਇਸ ਪਿਛੋਂ ਸੁਲਤਾਨਪੁਰ ਲੋਧੀ ਦਾ ਨਵਾਬ ਦੌਲਤ ਖਾਨ ਅਤੇ ਲੰਕਾ ਦਾ ਰਾਜਾ ਸ਼ਿਵਨਾਭ ਸਾਰੇ ਹੀ ਗੁਰੂ ਦੇ ਸਿਖ ਸਨ । ਪਟਨੇ ਦਾ ਸਾਲਸ ਰਾਇ ਜੌਹਰੀ ਹੀਰਿਆਂ ਦਾ ਵਾਪਾਰੀ ਅਤੇ ਲਾਹੌਰ ਦਾ ਦੁਨੀ ਚੰਦ ਭੀ ਉਸ ਸਮੇਂ ਵਿਚ ਸੱਤ ਲੱਖ ਦਾ ਮਾਲਕ ਸੀ । ਗੁਰੂ ਸਾਹਿਬ ਨੇ ਕਿਸੇ ਨੂੰ ਰਾਜ ਪਾਟ ਛਡਾ ਕੇ ਭਿਖਿਆ ਮੰਗਣ ਦਾ ਉਪਦੇਸ਼ ਕਿਤੇ ਨਹੀਂ ਦਿੱਤਾ । ਬਲਕਿ ਦਸਿਆ ਕਿ ਰਾਜਾ ਕੌਣ ਹੈ :

**ਤਖਤਿ ਰਾਜਾ ਸੋ ਬਹੈ ਜਿ ਤਖਤੇ ਲਾਇਕ ਹੋਈ ॥**
**ਜਿਨੀ ਸਚੁ ਪਛਾਣਿਆ ਸਚੁ ਰਾਜੇ ਸੇਈ ॥ ਅੰਗ 1088 ॥**

**ਰਾਜੇ ਚੁਲੀ ਨਿਆਵ ਕੀ ਪੜਿਆ ਸਚੁ ਧਿਆਨੁ ॥ ਅੰਗ 1240॥**

**ਤਖਤਿ ਬਹੈ ਤਖਤੈ ਕੀ ਲਾਇਕ ॥ ਅੰਗ 103* ॥**

ਗੁਰੂ ਬਾਬੇ ਨੇ ਧਰਮ ਦੀ ਕਿਰਤ ਕਰਨ, ਵੰਡ ਛਕਣ ਅਤੇ ਪਰਮੇਸ਼ਰ ਨੂੰ ਯਾਦ ਕਰਨ ਦਾ ਉਪਦੇਸ਼ ਦ੍ਰਿੜ ਕਰਵਾਇਆ । ਜਿਨ੍ਹਾਂ ਨੇ ਗੁਰੂ ਬਾਬੇ ਦਾ ਉਪਦੇਸ਼ ਸੱਚੇ ਦਿਲੋਂ ਕਮਾਇਆ ਉਨ੍ਹਾਂ ਲਈ ਮਹਾਰਾਜ ਦੇ ਬਚਨ ਇਸ ਤਰ੍ਹਾਂ ਹਨ ।

**ਤਿੰਨ ਕਾ ਖਾਧਾ ਪੈਧਾ ਮਾਇਆ ਸਭ ਪਵਿਤ ਹੈ ਜੋ ਨਾਮ ਹਰਿ ਰਾਤੇ ॥**
**ਤਿੰਨ ਕੇ ਘਰ ਮੰਦਰ ਮਹਲ ਸਰਾਈ ਸਭ ਪਵਿਤ ਹਹਿ**
**ਜਿਨੀ ਗੁਰਮੁਖਿ ਸੇਵਕ ਸਿਖ ਅਭਿਆਗਤ ਜਾਏ ਵਰਸਾਤੇ ॥**
**ਤਿਨ ਕੇ ਤੁਰੇ ਜੀਨ ਖੁਰਗੀਰ ਸਭ ਪਵਿਤ ਹਹਿ**
**ਜਿਨੀ ਸੇਵਕ ਸਿਖ ਸੰਤ ਗੁਰਮੁਖਿ ਚੜਿ ਜਾਤੇ ॥**
**ਤਿਨ ਕੇ ਕਰਮ ਧਰਮ ਕਾਰਜ ਸਭ ਪਵਿਤ ਹਹਿ**
**ਜੋ ਬੋਲਹਿ ਹਰਿ ਹਰਿ ਨਾਮੁ ਹਰਿ ਸਾਤੇ ॥ ਅੰਗ 64* ॥**

ਗੁਰੂ ਨਾਨਕ ਸੱਚੇ ਪਾਤਸ਼ਾਹ ਦੇ ਉਤਰਅਧਿਕਾਰੀ ਭਾਈ ਲਹਿਣਾ ਜੀ ਭੀ ਇਕ ਚੰਗੇ ਰੱਜੇ ਪੁੱਜੇ ਪਰਿਵਾਰ ਵਿਚੋਂ ਸੀ ਅਤੇ ਜਦ ਪਹਿਲੀ ਵਾਰ ਗੁਰ ਦਰਸ਼ਨਾਂ ਨੂੰ ਆਏ ਸੀ ਤਾਂ ਰੇਸ਼ਮੀ ਕਪੜੇ ਪਾ ਕੇ ਆਏ ਸੀ । ਗੁਰੂ ਸਾਹਿਬ ਤੋਂ ਪਿਛੋਂ ਭੀ ਸੁਲਤਾਨੁਲ ਕੌਮ ਕਹਾਉਣ ਵਾਲੇ ਬਾਬਾ ਜੱਸਾ ਸਿੰਘ ਆਹਲੂਵਾਲੀਆ ਅਤੇ ਨਵਾਬੀ ਭੋਗਣ ਵਾਲਾ ਕਪੂਰ ਸਿੰਘ ਸਭ ਗੁਰੂ ਦੇ ਹੀ ਸਿਖ ਸਨ।

ਅਸੀਂ ਅਗਲੇ ਪੰਨਿਆਂ ਵਿਚ ਪਿਛਲੀ ਸਦੀ ਦੇ ਇਕ ਅਜੇਹੇ ਹੀ ਗੁਰੂ ਦੇ ਲਾਲ, ਸ੍ਰ. ਦਲੀਪ ਸਿੰਘ ਦੇ ਜੀਵਨ ਦੀਆਂ ਝਾਕੀਆਂ ਦੇ ਦੀਦਾਰ ਪਾਠਕਾਂ ਨੂੰ ਕਰਵਾਵਾਂਗੇ ਜੋ ਸ਼ਾਹੀ ਖਾਨਦਾਨ ਵਿਚ ਪੈਦਾ ਹੋਏ, ਐਟੀਸਨ ਕਾਲਜ ਲਾਹੌਰ ਵਿਚ ਰਾਜੇ ਮਹਾਰਾਜਿਆਂ ਦੇ ਰਾਜ ਕੁਮਾਰਾਂ ਨਾਲ ਪੜ੍ਹੇ । ਫਿਰ ਮਹਾਰਾਜਾ ਭੁਪਿੰਦਰ ਸਿੰਘ (ਪਟਿਆਲਾ) ਕੋਲ ਪੁਲਿਸ ਅਫਸਰ ਭਰਤੀ ਹੋ ਕੇ ਮਹਾਰਾਜਾ ਯਾਦਵਿੰਦਰ ਸਿੰਘ ਜੀ ਵੇਲੇ ਇੰਸਪੈਕਟਰ ਜਨਰਲ ਪੁਲਿਸ (I.G. Police) ਦੇ ਅਹੁਦੇ ਤੇ ਰਿਟਾਇਰ ਹੋ ਕੇ ਸਾਰੀ ਜ਼ਿੰਦਗੀ

**ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੈ ॥ ਅੰਗ *68 ॥**

ਵਾਂਗ ਜੀਵਨ ਬਤੀਤ ਕਰ ਕੇ

**ਗੁਰਮੁਖਿ ਜਨਮ ਸਵਾਰ ਦਰਗਹ ਚੱਲਿਆ ।**
**ਸਚੀ ਦਰਗਹ ਜਾਇ ਸੱਚਾ ਪਿੜ ਮਲਿਆ ॥ (ਭਾ. ਗੁ. ਵਾ. ਪੰਨਾ 5)**

ਅਨੁਸਾਰ ਜੀਵਨ ਸਫਲਾ ਕਰ ਗਏ ।

# ਖਾਨਦਾਨ ਛੀਨਾ ਦਾ ਪਿਛੋਕੜ

ਇਸ ਖਾਨਦਾਨ ਦਾ ਵਡੇਰਾ ਮੀਰੂ, ਆਮ ਜੱਟ ਗਿੱਲ ਕਬੀਲੇ ਵਿਚੋਂ ਸੀ ਜਿਸ ਨੇ ਛੀਨਾ ਪਿੰਡ ਬੰਨ੍ਹਿਆ । ਜੋ ਕਿ ਅੰਮ੍ਰਿਤਸਰ ਜਿਲ੍ਹੇ ਵਿਚ ਰਾਜਾਸਾਂਸੀ ਤੋਂ 5 ਮੀਲ ਤੇ ਹੈ । ਇਸ ਦੇ ਵੱਡੇ ਪੁੱਤਰ ਦਾਦੂ ਨੇ ਛੀਨਾ ਨਾਉਂ ਦਾ ਹੀ ਦੂਸਰਾ ਪਿੰਡ ਬੰਨ੍ਹਿਆ ਜਿਹੜਾ ਕਿ **ਜਸਤਰਵਾਲ** ਦੇ ਨੇੜੇ ਹੈ, ਜਿਥੇ ਕਿ ਹੁਣ ਤੱਕ ਇਸ ਦੀ ਔਲਾਦ ਰਹਿੰਦੀ ਹੈ । ਇਹ ਖਾਨਦਾਨ ਇਕ ਸਾਧਾਰਨ ਸੀ ਪਰ ਇਸ ਖਾਨਦਾਨ ਦਾ ਮਿਲਖੀ, ਭਾਈ ਤਾਰਾ ਸਿੰਘ ਵਾਂ (ਸ਼ਹੀਦ) ਦੇ ਜਥੇ ਵਿਚ ਸ਼ਾਮਲ ਹੋ ਗਿਆ । ਮਿਲਖੀ ਦੇ ਖਾਨਦਾਨ ਵਿਚੋਂ ਉੱਘਾ ਸ. ਕਰਮ ਸਿੰਘ ਹੋਇਆ ਜਿਸ ਨੂੰ ਕਿ ਭਾਈ ਤਾਰਾ ਸਿੰਘ ਨੇ ਆਪਣਾ ਪੁੱਤਰ ਬਣਾ ਲਿੱਤਾ । ਤਾਰਾ ਸਿੰਘ ਦੀ ਸ਼ਹੀਦੀ ਪਿਛੋਂ ਕਰਮ ਸਿੰਘ ਭੰਗੀ ਮਿਸਲ ਵਿਚ ਸ਼ਾਮਲ ਹੋ ਗਿਆ ਅਤੇ ਫਿਰੋਜ਼ਕੀ, ਕਾਲਾਕੀ, ਰੁੜਕੀ ਅਤੇ ਪਿੰਡ ਛੀਨਾ ਸਮੇਤ ਬਜਰਾ (ਜ਼ਿਲ੍ਹਾ ਸਿਆਲਕੋਟ) ਤੇ ਕਬਜ਼ਾ ਕਰ ਲਿਆ ।

ਮਹਾਰਾਜਾ ਰਣਜੀਤ ਸਿੰਘ ਵੇਲੇ ਇਕ ਇਕ ਕਰਕੇ ਸਾਰੇ ਭੰਗੀ ਸਰਦਾਰਾਂ ਦੀਆਂ ਹਕੂਮਤਾਂ ਖ਼ਤਮ ਹੋ ਗਈਆਂ । ਪਰ ਫਿਰ ਸ. ਕਰਮ  ਸਿੰਘ ਨੂੰ ਛੀਨਾ, ਨਾਗਰਾ ਅਤੇ ਫਿਰੋਜ਼ਕੀ ਦੀ ਪੰਜਾਹ ਹਜ਼ਾਰ ਰੁ: ਵਾਲੀ ਮਲਕੀਅਤ ਮਿਲ ਗਈ । ਇਸ ਬਦਲੇ ਸਰਕਾਰ ਨੂੰ ਸੱਤਰ ਘੌੜ ਸਵਾਰ ਦੇਣੇ ਪੈਂਦੇ ਸਨ । ਆਪਣੇ ਪੁੱਤਰਾਂ, ਬੁਧ ਸਿੰਘ ਅਤੇ ਸੁਧ ਸਿੰਘ ਨਾਲ ਕਰਮ ਸਿੰਘ ਮੁਲਤਾਨ, ਕਸ਼ਮੀਰ ਅਤੇ ਪਿਸ਼ਾਵਰ ਦੀਆਂ ਲੜਾਈਆਂ ਵਿਚ ਬੜੀ ਬਹਾਦਰੀ ਨਾਲ ਲੜਿਆ । ਇਸ ਦੇ ਮਰਨ ਉਪਰੰਤ ਸਾਰੀ ਜਗੀਰ ਲੜਕਿਆਂ ਨੂੰ ਬਰਾਬਰ ਹਿੱਸੇ ਵਿਚ ਮਿਲੀ । 1846 ਤੱਕ ਇਹ ਜਗੀਰ ਕਾਇਮ ਰਹੀ । ਰਾਜਾ ਲਾਲ ਸਿੰਘ ਨੇ ਇਸ ਨੂੰ ਘਟਾ ਕੇ 216●● ਕਰ ਦਿੱਤਾ । ਬਦਲੇ ਵਿਚ 25 ਘੋੜ ਸਵਾਰ ਦੇਣੇ ਸਨ ।

ਮਹਾਰਾਜਾ ਰਣਜੀਤ ਸਿੰਘ ਦੇ ਮਰਨ ਪਿਛੋਂ ਸਾਰੇ ਸਰਦਾਰ ਸ. ਸ਼ੇਰ ਸਿੰਘ ਅਟਾਰੀ ਦੀ ਕਮਾਨ ਹੇਠ ਅੰਗਰੇਜ਼ਾਂ ਵਿਰੁਧ ਬਗਾਵਤ ਵਿਚ ਸ਼ਾਮਲ ਹੋ ਕੇ ਲੜੇ । ਲੜਾਈ ਹਾਰਨ ਪਿਛੋਂ ਜੈ ਸਿੰਘ, ਮਿਹਰ ਸਿੰਘ, ਹਰੀ ਸਿੰਘ, ਹਰਦਿੱਤ ਸਿੰਘ, ਅਮਰ ਸਿੰਘ ਅਤੇ ਅਤਰ ਸਿੰਘ ਨੂੰ 24●/- ਰੁ: ਅਲਾਉਂਸ ਜ਼ਿੰਦਗੀ ਭਰ ਮਿਲਦਾ ਰਿਹਾ । ਪਰ ਬਚਨ ਸਿੰਘ ਅਤੇ ਮਹਾਂ ਸਿੰਘ ਜੋ ਸਰਕਾਰ ਦੇ ਵਫਾਦਾਰ ਰਹੇ ਉਨ੍ਹਾਂ ਨੂੰ ਆਪਣੀ ਜਗੀਰ 5875/- ਮਿਲਦੀ ਰਹੀ । ਇਸ ਵਿਚੋਂ 175●/- ਉਨ੍ਹਾਂ ਦੇ ਨਿੱਜੀ ਸੀ ਬਾਕੀ ਸਰਕਾਰੀ ਖਰਚ ਲਈ ਸਨ ।

ਸ. ਹਰਦਿੱਤ ਸਿੰਘ 9th Bengal Lancers ਵਿਚ ਰਸਾਲਦਾਰ ਮੇਜਰ ਰਿਹਾ ਅਤੇ ਵਫਾਦਾਰੀ, ਬਹਾਦਰੀ ਕਰ ਕੇ ਸਰਦਾਰ ਬਹਾਦਰ ਦਾ ਖਿਤਾਬ ਮਿਲਿਆ ਅਤੇ ਆਪਣੇ ਭਰਾ ਸ. ਬਚਨ ਸਿੰਘ ਦੇ ਮਰਨ ਉਪਰੰਤ ਸੂਬੇ ਵਿਚ ਦਰਬਾਰੀ ਬਣਿਆ। ਇਨ੍ਹਾਂ ਦਾ ਸਪੁੱਤਰ ਸ. ਮਹਿਤਾਬ ਸਿੰਘ 6th Bengal Cavelry ਵਿਚ ਰਸਾਲਦਾਰ ਮੇਜਰ ਬਣਿਆ ਅਤੇ 1882 ਵਿਚ ਮਿਸਰ ਦੀ ਲੜਾਈ ਵਿਚ ਬਹਾਦਰੀ ਦਿਖਾਉਣ ਕਰ ਕੇ ਸਰਦਾਰ ਬਹਾਦਰ ਦਾ ਖਿਤਾਬ ਮਿਲਿਆ ਅਤੇ 1911 ਵਿਚ ਸਵਰਗਵਾਸ ਹੋਏ । ਸ. ਮਹਿਤਾਬ ਸਿੰਘ ਦੇ ਲੜਕੇ ਸ. ਹਰਬੰਸ ਸਿੰਘ (ਮੇਜਰ) ਨੇ ਐਟੀਸਨ ਕਾਲਜ ਲਾਹੌਰ ਵਿਚ ਪੜ੍ਹਾਈ ਕਰ ਕੇ ਪਟਿਆਲੇ ਮਹਾਰਾਜਾ ਭੂਪਿੰਦਰ ਸਿੰਘ ਦੇ ਪਹਿਲੇ A.D.C. ਬਣੇ ਫਿਰ ਐਕਸਾਈਜ਼ ਕਮਿਸ਼ਨਰ ਬਣੇ । ਛੋਟਾ ਭਰਾ ਦਲੀਪ ਸਿੰਘ ਐਟੀਸਨ ਕਾਲਜ ਲਾਹੌਰ ਤੋਂ ਪੜ੍ਹਾਈ ਕਰਕੇ ਪਟਿਆਲੇ ਮਹਾਰਾਜਾ ਭੂਪਿੰਦਰ ਸਿੰਘ ਕੋਲ ਪੁਲਿਸ ਸੁਪਰੀਟੈਂਡੈਂਟ ਦੀ ਸੇਵਾ ਨਿਭਾ ਰਹੇ ਹਨ । ਇਹ ਵੇਰਵਾ ਅਤੇ ਛੀਨਾ ਖਾਨਦਾਨ ਦਾ ਕੁਰਸੀਨਾਮਾ ਲੈਪਿਲ ਗਰਿਫਨ ਦੀ ਕਿਤਾਬ Punjab Chiefs and families to note ਜੋ 19●9 ਵਿਚ ਛਪੀ ਸੀ ਦੇ ਪੰਨਾ 421 ਤੇ ਦਰਜ ਹੈ।

❖❖❖

# ਮੁਢਲੀ ਜਾਣ ਪਛਾਣ

ਸਰਦਾਰ ਦਲੀਪ ਸਿੰਘ ਛੀਨਾ ਰੰਗ ਗੋਰਾ, ਨੱਕ ਤਿੱਖਾ, ਮੱਥਾ ਚੌੜਾ ਅਤੇ ਅੱਖਾਂ ਮੋਟੀਆਂ ਦਾ ਜਨਮ ਸਰਦਾਰ ਬਹਾਦਰ ਮਹਿਤਾਬ ਸਿੰਘ ਰਸਾਲਦਾਰ ਮੇਜਰ ਦੇ ਘਰ 1898 ਵਿਚ ਹੋਇਆ । ਇਹਨਾਂ ਦਾ ਕੱਦ ਤਕਰੀਬਨ ਪੰਜ ਫੁੱਟ ਸੱਤ ਇੰਚ, ਸਰੀਰ ਗਠੀਲਾ ਅਤੇ ਫੁਰਤੀਲਾ ਸੀ । ਅੱਖਾਂ ਵਿਚ ਖਾਸ ਚਮਕ, ਚਿਹਰਾ ਰੁਅਬ-ਦਾਬ ਵਾਲਾ, ਬੇਬਾਕ ਸੁਭਾ ਦੇ ਮਾਲਕ ਸਨ । ਅੰਮ੍ਰਿਤਧਾਰੀ ਨਿਤਨੇਮੀ, ਪ੍ਰੇਮੀ, ਨਾਮ ਬਾਣੀ ਦੇ ਰਸੀਏ, ਰਹਿਤਵਾਨ, ਈਮਾਨਦਾਰ ਪੂਰਨ ਗੁਰਸਿੱਖ ਸਨ ।

ਇਨ੍ਹਾਂ ਦੀ ਪੜ੍ਹਾਈ ਜਿਥੇ ਰਾਜੇ ਮਹਾਰਾਜਿਆਂ ਦੇ ਬੱਚੇ ਪੜ੍ਹਦੇ ਸਨ, ਐਟੀਸਨ ਕਾਲਜ ਲਾਹੌਰ ਵਿਚ ਹੋਈ । ਇਨ੍ਹਾਂ ਦੇ ਵੱਡੇ ਭਾਈ ਸ. ਹਰਬੰਸ ਸਿੰਘ ਛੀਨਾ ਭੀ ਇਸੇ ਕਾਲਜ ਵਿਚ ਮਹਾਰਾਜਾ ਭੁਪਿੰਦਰ ਸਿੰਘ ਨਾਲ ਪੜ੍ਹਦੇ ਸਨ ਅਤੇ ਪੜ੍ਹਾਈ ਖਤਮ ਹੋਣ ਤੇ ਮਹਾਰਾਜਾ ਸਾਹਿਬ ਨੇ ਇਨ੍ਹਾਂ ਨੂੰ ਆਪਣੇ ਕੋਲ ਬੁਲਾ ਕੇ ਪਹਿਲਾਂ ਏ.ਡੀ.ਸੀ. ਰੱਖਿਆ ਫਿਰ ਤਰੱਕੀ ਕਰਦੇ ਕਰਦੇ ਐਕਸਾਈ ਕਮਿਸ਼ਨਰ ਦੀ ਪਦਵੀ ਤੱਕ ਪੁੱਜ ਗਏ ।

ਸਰਦਾਰ ਦਲੀਪ ਸਿੰਘ ਜੀ ਪੜ੍ਹਾਈ ਖਤਮ ਹੋਣ ਤੇ ਪਟਿਆਲੇ ਆਪਣੇ ਭਾਈ ਸਾਹਿਬ ਨੂੰ ਮਿਲਣ ਆਏ ਤਾਂ ਪਤਾ ਚਲਿਆ ਕਿ ਉਹ ਮਹਾਰਾਜਾ ਭੁਪਿੰਦਰ ਸਿੰਘ ਨਾਲ ਗਰਮੀਆਂ ਦੀ ਰੁੱਤ ਵਿਚ ਪਹਾੜ ਦੀ ਸੈਰ ਲਈ ਚੈਲ (ਸ਼ਿਮਲੇ ਕੋਲ) ਗਏ ਹੋਏ ਹਨ ਅਤੇ ਸਰਦਾਰ ਦਲੀਪ ਸਿੰਘ ਜੀ ਭੀ ਉਥੇ ਚਲੇ ਗਏ ।

ਚੈਲ ਜਾ ਕੇ ਪਤਾ ਲੱਗਾ ਕਿ ਸ. ਹਰਬੰਸ ਸਿੰਘ ਜੀ ਬਾਕੀ ਅਹਿਲਕਾਰਾਂ ਨਾਲ ਕ੍ਰਿਕਟ ਦੇ ਮੈਦਾਨ ਵਿਚ ਹਨ ਜਿਥੇ ਕਿ ਮਹਾਰਾਜਾ ਭੁਪਿੰਦਰ ਸਿੰਘ ਜੀ ਖ਼ੁਦ ਟੀਮ ਨਾਲ ਖੇਡ ਰਹੇ ਸਨ । ਖੇਡ ਖ਼ਤਮ ਹੋਈ ਮਹਾਰਾਜਾ ਸਾਹਿਬ ਖਿਡਾਰੀਆਂ ਅਤੇ ਅਹਿਲਕਾਰਾਂ ਨਾਲ ਗੱਲਬਾਤ ਕਰ ਰਹੇ ਸਨ ਅਤੇ ਸ. ਦਲੀਪ ਸਿੰਘ ਜੀ ਭੀ ਆਪਣੇ ਵੱਡੇ ਭਰਾਤਾ ਸਰਦਾਰ ਹਰਬੰਸ ਸਿੰਘ ਕੋਲ ਜਾ ਕੇ ਖੜ੍ਹ ਗਏ । ਮਹਾਰਾਜ ਸਾਹਿਬ ਦੇ ਪੁੱਛਣ ਤੇ ਸਰਦਾਰ ਹਰਬੰਸ ਸਿੰਘ ਜੀ ਨੇ ਦੱਸਿਆ ਕਿ ਇਹ ਮੇਰਾ ਛੋਟਾ ਭਰਾ ਹੈ ਅਤੇ ਹਣੇ ਹੀ ਐਟੀਸਨ ਕਾਲਜ ਲਾਹੌਰ ਤੋਂ ਸੀਨੀਅਰ ਕੈਂਬਰਿਜ ਪਾਸ ਕਰਕੇ ਮੈਨੂੰ ਮਿਲਣ ਆਇਆ ਹੈ ।

ਅਲੂਣਾ ਬੱਚਾ ਸਮਝ ਕੇ ਮਹਾਰਾਜ ਸਾਹਿਬ ਨੇ ਕੋਈ ਮਖੌਲ ਕਰ ਦਿੱਤਾ ਅਤੇ ਬਗ਼ੈਰ ਕਿਸੇ ਅਹੁਦੇ ਦੇ ਧਿਆਨ ਦਿੱਤਿਆਂ ਵੈਸੀ ਹੀ ਸ਼ਬਦਾਵਲੀ ਵਾਲਾ ਮਹਾਰਾਜ ਸਾਹਿਬ ਨੂੰ ਮਖੌਲ ਮੋੜ ਦਿੱਤਾ । ਸਾਰੇ ਦਰਬਾਰੀ ਤਾਂ ਸੁੰਨ ਹੋ ਗਏ ਪਰ ਮਹਾਰਾਜ ਸਾਹਿਬ ਨੇ ਐਸੀ ਗੱਲ ਘੁਮਾਈ ਕਿ ਕਿਸੇ ਨੂੰ ਮਹਿਸੂਸ ਹੀ ਨਾ ਹੋਣ ਦਿੱਤਾ ਅਤੇ ਨਾਲ ਹੀ ਸਰਦਾਰ ਦਲੀਪ ਸਿੰਘ ਨੂੰ ਕਹਿਣ ਲੱਗੇ "ਕਾਕਾ ਤੂੰ ਮੇਰੇ ਕੋਲ ਰਹਿ ਕੇ ਨੌਕਰੀ ਕਰ ਲੈ" । ਪਰ ਦਲੀਪ ਸਿੰਘ ਨੇ ਕੋਰਾ ਜਵਾਬ ਦੇ ਦਿੱਤਾ ਕਿ ਮੈਂ ਰਿਆਸਤ ਦੀ ਨੌਕਰੀ ਨਹੀਂ ਕਰਨੀ ਸੈਂਟਰਲ ਗਵਰਨਮੈਂਟ ਦੀ ਨੌਕਰੀ ਕਰਾਂਗਾ ।

ਦਿਨ ਨਿਕਲ ਗਏ ਦੋ ਤਿੰਨ ਮਹੀਨੇ ਪਿਛੋਂ ਮਹਾਰਾਜ ਸਾਹਿਬ ਨੂੰ ਯਾਦ ਆਇਆ ਤਾਂ ਸਰਦਾਰ ਹਰਬੰਸ ਸਿੰਘ ਜੀ ਨੂੰ ਬੁਲਾ ਕੇ ਪੁੱਛਣ ਲੱਗੇ ਤੇਰਾ ਭਰਾ ਕਿਥੇ ਹੈ ? ਉਨ੍ਹਾਂ ਕਿਹਾ ਅਜੇ ਪਿੰਡ ਹੀ ਹੈ ਅਤੇ ਸੈਂਟਰਲ ਗਵਰਨਮੈਂਟ ਦੀ ਨੌਕਰੀ ਦੀ ਤਲਾਸ਼ ਵਿਚ ਹੈ । ਮਹਾਰਾਜ ਸਾਹਿਬ ਕਹਿਣ ਲੱਗੇ ਉਸ ਨੂੰ ਬੁਲਾਉ ਨਾਲ ਹੀ ਕਹਿ ਦਿੱਤਾ ਕਿ ਉਹ ਤਾਂ ਨੌਕਰੀ ਕਰਨ ਲਈ ਤਿਆਰ ਹੈ ਪਰ ਤੇਰੀ ਮਰਜ਼ੀ ਨਹੀਂ ਹੈ । ਅਖੀਰ ਸ. ਹਰਬੰਸ ਸਿੰਘ ਜੀ ਨੇ ਬੁਲਾਇਆ ਅਤੇ ਕਿਹਾ ਕਿ ਜੋ ਕਹਿਣਾ ਹੈ ਖ਼ੁਦ ਆ ਕੇ ਮਹਾਰਾਜ ਸਾਹਿਬ ਨੂੰ ਕਹੋ ਉਹ ਮੇਰੇ ਤੇ ਸ਼ੱਕ ਕਰਦੇ ਹਨ ।

ਜਦ ਸ. ਦਲੀਪ ਸਿੰਘ ਜੀ ਮਹਾਰਾਜ ਕੌਲ ਪੇਸ਼ ਹੋਏ ਬਗ਼ੈਰ ਕੁਝ ਸੁਣਿਆਂ ਮਹਾਰਾਜ ਸਾਹਿਬ ਨੇ ਕਿਹਾ ਕਿ ਕੱਲ੍ਹ ਤੋਂ ਡਿਊਟੀ ਤੇਰੀ ਪੱਕੀ ਅਤੇ ਮੇਰੇ ਏ.ਡੀ.ਸੀ. ਦੀ ਸੇਵਾ ਨਿਭਾ । ਮਹਾਰਾਜ ਸਾਹਿਬ ਨੇ ਕੁਝ ਅਜੇਹੇ ਲਹਿਜੇ ਵਿਚ ਕਿਹਾ ਕਿ ਸ. ਦਲੀਪ ਸਿੰਘ ਜਵਾਬ ਨ ਦੇ ਸਕੇ ।

ਇਸ ਤਰ੍ਹਾਂ ਏ.ਡੀ.ਸੀ. ਤੋਂ ਫਿਰ ਪੁਲਿਸ ਸੁਪਿਰਡੈਂਟ ਬਣ ਗਏ ਅਤੇ ਮਹਾਰਾਜ ਯਾਦਵਿੰਦਰ ਸਿੰਘ ਵੇਲੇ 1949-50 ਵਿਚ ਆਈ.ਜੀ. ਪੁਲਿਸ ਤੋਂ ਰਿਟਾਇਰ ਹੋ ਕੇ ਪਟਿਆਲੇ ਹੀ 22 ਨੰ: ਫਾਟਕ ਆਪਣੀ ਕੋਠੀ ਵਿਚ ਨਿਵਾਸ ਕੀਤਾ ਤੇ 1992 ਵਿਚ ਸੰਗਰੂਰ ਆਪਣੀ ਲੜਕੀ ਕੋਲ ਸਵਰਗਵਾਸ ਹੋਏ । ਸਰਦਾਰ ਸਾਹਿਬ ਦੇ ਜੀਵਨ ਦੀਆਂ ਝਲਕੀਆਂ ਅਸੀਂ ਅੱਗੇ ਦੇ ਰਹੇ ਹਾਂ ਜਿਸ ਤੋਂ ਪਾਠਕ ਉਨ੍ਹਾਂ ਦੇ ਕਿਰਦਾਰ, ਆਚਾਰ, ਈਮਾਨਦਾਰੀ ਅਤੇ ਗੁਰਸਿੱਖੀ ਜੀਵਨ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਣਗੇ ।

❖❖❖

# ਜ਼ਬਰੀ ਰਿਟਾਇਰਮੈਂਟ ਅਤੇ ਬਹਾਲੀ

1947 ਦੀ ਦੇਸ਼ ਵੰਡ ਵੇਲੇ ਪੂਰਬੀ ਪੰਜਾਬ ਅਤੇ ਪੱਛਮੀ ਪੰਜਾਬ ਵਿਚ ਆਮ ਲੋਕਾਂ ਦਾ ਬਹੁਤ ਜ਼ਿਆਦਾ ਜਾਨੀ ਅਤੇ ਮਾਲੀ ਨੁਕਸਾਨ ਹੋਇਆ । ਦੂਰ ਅੰਦੇਸ਼ ਮਹਾਰਾਜ ਯਾਦਵਿੰਦਰ ਸਿੰਘ ਜੀ ਪਟਿਆਲਾ ਨੇ ਭਾਂਪ ਲਿਆ ਕਿ ਅੱਗੇ ਨੂੰ ਵੋਟਾਂ ਨਾਲ ਬਹੁਸਮਤੀ ਵਾਲਾ ਰਾਜ ਹੀ ਦੇਸ਼ ਵਿਚ ਆਵੇਗਾ । ਦੂਸਰਾ, ਸਿਖੀ ਸਿਦਕ, ਕਿ ਜਿਸ ਤਰ੍ਹਾਂ ਅਠਾਰਵੀਂ ਸਦੀ ਵਿਚ ਪਟਿਆਲਾ ਸ਼ਾਹੀ ਘਰਾਣੇ ਨੇ ਘਲੂਘਾਰਿਆਂ ਵੇਲੇ ਪੰਥ ਦੀ ਸੇਵਾ ਕੀਤੀ ਇਸ ਤਰ੍ਹਾਂ ਹੁਣ ਮਨੁੱਖਤਾ ਦੀ ਸੇਵਾ ਕੀਤੀ ਜਾਵੇ । ਇਸ ਲਈ ਮਹਾਰਾਜਾ ਸਾਹਿਬ ਨੇ ਹਵਾਈ ਜਹਾਜ਼ ਰਾਹੀਂ ਪੱਛਮੀ ਪੰਜਾਬ ਵਿਚ ਪਰਚੇ ਸੁਟਵਾਏ ਕਿ ਜੋ ਭੀ ਹਿੰਦੂ ਸਿਖ ਸ਼ਰਨਾਰਥੀ ਹੋਣ ਉਹ ਪਟਿਆਲੇ ਆ ਜਾਣ ਉਨ੍ਹਾਂ ਦੇ ਮੁੜ ਵਸੇਬੇ ਦਾ ਸਾਰਾ ਇੰਤਜ਼ਾਮ ਕੀਤਾ ਜਾਵੇਗਾ ।

ਫਲਸਰੂਪ ਹਿੰਦੂ ਸਿਖ ਵਹੀਰਾਂ ਘੱਤ ਕੇ ਕਈ ਹਜ਼ਾਰ ਦੀ ਗਿਣਤੀ ਵਿਚ ਪਟਿਆਲੇ ਆ ਗਏ, ਜਿਨ੍ਹਾਂ ਲਈ ਗੁਰਦੁਆਰਾ ਦੂਖਨਿਵਾਰਨ ਸਾਹਿਬ ਕੋਲ ਕੈਂਪ ਬਣਾਇਆ ਗਿਆ ਅਤੇ ਤਕਰੀਬਨ ਤਿੰਨ ਸਾਲ ਚੱਲਦਾ ਰਿਹਾ । ਸ਼ਹਿਰ ਦੀਆਂ ਸਮਾਜ ਸੇਵੀ ਸੰਸਥਾਵਾਂ ਤੋਂ ਇਲਾਵਾ, ਸਕੂਲ ਦੇ ਵੱਡੇ ਬੱਚੇ ਅਤੇ ਕਾਲਜ ਦੇ ਵਿਦਿਆਰਥੀਆਂ ਨੂੰ ਦੇਖ ਭਾਲ ਸੇਵਾ ਲਈ ਲਗਾਇਆ ਗਿਆ । ਰਾਸ਼ਨ ਪਾਣੀ ਲੂਣ ਤੇਲ ਕੱਪੜੇ ਆਦਿ ਸਭ ਸਰਕਾਰੀ ਖਜ਼ਾਨੇ ਤੋਂ ਦਿੱਤੇ ਜਾਂਦੇ ਸਨ । ਸੇਵਾ ਕਰਨ ਵਾਲੇ ਵਿਦਿਆਰਥੀਆਂ ਨੂੰ ਬਗ਼ੈਰ ਇਮਤਿਹਾਨ ਪਾਸ ਕੀਤੇ ਤਰੱਕੀ ਦੇ ਕੇ ਅਗਲੀਆਂ ਕਲਾਸਾਂ ਵਿਚ ਬਿਠਾਇਆ ਗਿਆ ।

ਰਿਆਸਤ ਦੇ ਪਿੰਡਾਂ ਵਿਚੋਂ ਪਾਕਿਸਤਾਨ ਜਾਣ ਵਾਲੇ ਮੁਸਲਮਾਨਾਂ ਦੇ ਘਰ, ਜ਼ਮੀਨਾਂ ਲੋੜਵੰਦਾਂ ਨੂੰ ਅਲਾਟ ਕੀਤੀਆਂ ਗਈਆਂ ਅਤੇ ਘਰ ਘਰ ਪਹੁੰਚਾਇਆ ਗਿਆ । ਸ਼ਹਿਰ ਵਿਚ ਖਾਲੀ ਹੋਏ ਮਕਾਨ ਅਤੇ ਦੁਕਾਨਾਂ ਵੀ ਅਲਾਟ ਕੀਤੀਆਂ ਗਈਆਂ। ਕੁਝ ਨਗਦ ਰਾਸ਼ੀ ਵੀ ਦਿੱਤੀ ਗਈ । ਇਸ ਤਰ੍ਹਾਂ ਅਜ਼ਾਦ ਭਾਰਤ ਵਿਚ ਸਭ ਤੋਂ ਪਹਿਲਾਂ ਪਟਿਆਲਾ ਰਿਆਸਤ ਨੇ ਮੁੜ ਵਸੇਬੇ ਦਾ ਪਰਉਪਕਾਰ ਕੀਤਾ ।

ਪੰਥ ਵਿਰੋਧੀ ਤਾਕਤਾਂ ਇਹ ਕਿਥੇ ਬਰਦਾਸ਼ਤ ਕਰ ਸਕਦੀਆਂ ਸਨ ਕਿ ਪਟਿਆਲਾ ਸਿੱਖੀ ਦਾ ਗੜ੍ਹ ਬਣ ਜਾਵੇ । ਸੋ 1948 ਦੀਆਂ ਗਰਮੀਆਂ ਵਿਚ ਜਨਸੰਘੀਆਂ ਨੇ ਕਾਂਗਰਸੀਆਂ ਨਾਲ ਮਿਲ ਕੇ ਸ਼ਹਿਰ ਵਿਚ ਬਹੁਤ ਵੱਡਾ ਜਲੂਸ ਕੱਢਿਆ ਜਿਸ ਵਿਚ ਭੜਕਾਊ ਭਾਸ਼ਨ ਦਿੱਤੇ ਗਏ ਅਤੇ ਇਸ ਤੋਂ ਇਲਾਵਾ ਗੁਰੂ ਸਾਹਿਬਾਂ ਬਾਰੇ ਭੀ ਬੜੀ ਭੱਦੀ ਸ਼ਬਦਾਵਲੀ ਵਰਤੀ ਗਈ ।

ਇਸ ਲਈ ਸ਼ਹਿਰ ਦੀਆਂ ਸਿੱਖ ਜਥੇਬੰਦੀਆਂ ਨੇ ਪਾਕਿਸਤਾਨ ਤੋਂ ਆਏ ਸਿੱਖਾਂ ਨਾਲ ਮਿਲ ਕੇ ਅਗਲੇ ਹਫਤੇ ਜਲੂਸ ਕੱਢਣ ਦਾ ਐਲਾਨ ਕਰ ਦਿੱਤਾ । ਇਹ ਜਲੂਸ ਇੱਡਾ ਵੱਡਾ ਸੀ ਅਤੇ ਜਲੂਸ ਵਿਚ ਹਥਿਆਰ ਦੇਖ ਕੇ ਸ਼ਹਿਰ ਦੇ ਬਾਣੀਏ ਡਰ ਗਏ ਅਤੇ ਸ਼ਹਿਰ ਛੱਡ ਕੇ ਬਾਹਰ ਜਾਣਾ ਸ਼ੁਰੂ ਕਰ ਦਿੱਤਾ ।

ਮਹਾਰਾਜਾ ਯਾਦਵਿੰਦਰ ਸਿੰਘ ਜੀ ਨੂੰ ਜਦ ਇਸ ਗੱਲ ਦਾ ਪਤਾ ਲੱਗਾ ਤਾਂ ਸ਼ਹਿਰ ਦੀ ਨਾਕਾਬੰਦੀ ਕਰ ਦਿੱਤੀ, ਸਟੇਸ਼ਨ ਤੇ ਗੱਡੀ ਰਾਹੀਂ ਜਾਣ ਵਾਲੀਆਂ ਸਵਾਰੀਆਂ ਤੇ ਇਕ ਤੋਂ ਵੱਧ ਟਰੰਕ ਜਾਂ ਸੂਟਕੇਸ ਲੈ ਜਾਣ ਦੀ ਮਨਾਹੀ ਕਰ ਦਿੱਤੀ। ਫਿਰ ਸ਼ਹਿਰ ਦੇ ਪਤਵੰਤੇ ਸੱਜਣਾਂ ਨੂੰ ਬੁਲਾ ਕੇ ਮਹਾਰਾਜ ਸਾਹਿਬ ਨੇ ਕਿਲ੍ਹੇ ਵਿਚ ਦਰਬਾਰੇ-ਆਮ ਲਗਾਇਆ ਜਿਸ ਵਿਚ ਮਹਾਰਾਜ ਸਾਹਿਬ ਨੇ ਸਭ ਨੂੰ ਕਿਹਾ ਕਿ ਜੋ ਭੀ ਮੇਰੇ ਸ਼ਹਿਰ ਦੇ ਨਾਗਰਿਕ ਹਨ ਉਨ੍ਹਾਂ ਦੀ ਹਿਫਾਜ਼ਤ ਕਰਨਾ ਮੇਰਾ ਧਰਮ ਹੈ । ਮੈਂ ਵਿਸ਼ਵਾਸ਼ ਦਿਲਾਉਂਦਾ ਹਾਂ ਕਿ ਕਿਸੇ ਨੂੰ ਕੋਈ ਤਕਲੀਫ ਨਹੀਂ ਹੋਵੇਗੀ ਪਰ ਸ਼ਰਾਰਤੀ ਅਨਸਰਾਂ ਨਾਲ ਸਖ਼ਤੀ ਨਾਲ ਨਜਿੱਠਿਆ ਜਾਵੇਗਾ ।

ਇਸ ਨਾਲ ਆਮ ਨਾਗਰਿਕਾਂ ਨੂੰ ਭਰੋਸਾ ਬੱਝ ਗਿਆ । ਡਰ ਦਾ ਮਾਹੌਲ ਖਤਮ ਹੋ ਗਿਆ ਅਤੇ ਸ਼ਹਿਰ ਵਾਸੀਆਂ ਦੀ ਜੀਵਨ ਰੌ ਮੁੜ ਲੀਹ ਤੇ ਆ ਗਈ । ਪਰ ਕਟੜਪੰਥੀ ਅਤੇ ਸ਼ਰਾਰਤੀ ਅਨਸਰ ਕਦ ਹਟਦੇ ਹਨ । ਸੋ ਜਨਸੰਘੀਆਂ ਨੇ ਡਾਂਗਾਂ, ਬਰਛਿਆਂ, ਤ੍ਰਿਸ਼ੂਲਾਂ ਅਤੇ ਹੋਰ ਆਤਸ਼ੀ ਹਥਿਆਰਾਂ ਦਾ ਭੰਡਾਰ ਬਨਾਉਣਾ ਸ਼ੁਰੂ ਕਰ ਦਿੱਤਾ । ਸੀ.ਆਈ.ਡੀ. ਦੀ ਰਿਪੋਰਟ ਮਿਲਣ ਤੇ ਆਰੀਆ ਸਮਾਜ ਚੌਂਕ ਵਿਚ ਸਨਾਤਨ ਧਰਮ ਦੇ ਮੰਦਰ ਦੇ ਤਹਿਖਾਨਿਆਂ ਵਿਚੋਂ ਪੁਲਿਸ ਨੇ ਹਥਿਆਰ ਬਰਾਮਦ ਕਰ ਲਏ ।

ਕੱਟੜਪੰਥੀ ਆਰੀਆ ਸਮਾਜੀ, ਜਨਸੰਘੀ ਦਿੱਲੀ ਜਾ ਕੇ ਪੰਡਿਤ ਜਵਾਹਰ ਲਾਲ ਨਹਿਰੂ ਅਤੇ ਸਰਦਾਰ ਪਟੇਲ ਕੋਲ ਪਿਟ ਉੱਠੇ ਕਿ ਜਦ ਤੱਕ ਦਲੀਪ ਸਿੰਘ ਛੀਨਾ ਪੁਲਿਸ ਮੁਖੀ ਹੈ ਸਾਡੀ ਕੋਈ ਪੇਸ਼ ਨਹੀਂ ਚੱਲਣ ਦੇਵੇਗਾ । ਇਸ ਤੇ ਹੋਮ ਮਨਿਸਟਰੀ ਨੇ ਮਹਾਰਾਜਾ ਯਾਦਵਿੰਦਰ ਸਿੰਘ ਜੀ ਨੂੰ ਕਿਹਾ ਕਿ ਰਿਆਸਤ ਦੇ ਪ੍ਰਧਾਨ ਮੰਤਰੀ ਅਤੇ ਪੁਲਿਸ ਮੁਖੀ ਵਿਚ ਇਕ ਬੰਦਾ ਸਾਡੀ ਮਰਜ਼ੀ ਦਾ ਹੋਵੇਗਾ ਚੋਣ ਤੁਹਾਡੀ ਹੋਵੇਗੀ । ਮਹਾਰਾਜਾ ਸਾਹਿਬ ਦੇ ਸਲਾਹਕਾਰ ਮੰਤਰੀ ਮੰਡਲ ਨੇ ਸ. ਦਲੀਪ ਸਿੰਘ ਦੀ ਕੁਰਬਾਨੀ ਦੇ ਕੇ ਪ੍ਰਧਾਨ ਮੰਤਰੀ ਰੱਖ ਲਿਆ । ਇਸ ਤਰ੍ਹਾਂ

ਭਾਰਤ ਦੇ ਗਣਤੰਤਰ ਵਿਚ ਬਗ਼ੈਰ ਕਿਸੇ ਕਸੂਰ ਤੋਂ ਅਤੇ ਬਗ਼ੈਰ ਕੋਈ ਨੋਟਿਸ ਦਿੱਤੇ ਬਗ਼ੈਰ ਸ. ਦਲੀਪ ਸਿੰਘ ਛੀਨਾ ਜੀ ਨੂੰ ਜਬਰੀ ਰਿਟਾਇਰ ਕਰ ਦਿੱਤਾ ।

ਰਿਆਸਤਾਂ ਟੁੱਟ ਗਈਆਂ ਸਨ ਅਤੇ ਮਹਾਰਾਜ ਸਾਹਿਬ ਪੈਪਸੂ ਦੇ ਰਾਜ ਪ੍ਰਮੁੱਖ ਬਣ ਗਏ ਸਨ। ਸੋ ਸ. ਦਲੀਪ ਸਿੰਘ ਛੀਨਾ ਨੇ ਹਿਤੈਸ਼ੀਆਂ ਦੀ ਸਲਾਹ ਨਾਲ ਅਦਾਲਤ ਦਾ ਦਰਵਾਜਾ ਜਾ ਖਟਕਾਇਆ । ਨਾਲ ਹੀ ਹੋਮ ਮਨਿਸਟਰੀ ਨੂੰ ਚਿੱਠੀ ਲਿਖੀ ਕਿ ਮੇਰੇ ਕੇਸ ਦੀ ਖੁੱਲ੍ਹੀ ਇਨਕੁਆਇਰੀ ਕੀਤੀ ਜਾਵੇ । ਪਰ ਕੇਂਦਰ ਸਰਕਾਰ ਨੇ ਇਹ ਨਾ ਮਨਜ਼ੂਰ ਕਰ ਦਿੱਤੀ । ਹੇਠਲੀ ਅਦਾਲਤ ਵਿਚ ਸਰਦਾਰ ਸਾਹਿਬ ਜਿੱਤ ਗਏ ਅਤੇ ਇਕ ਦਿਨ ਡਿਊਟੀ ਕਰ ਕੇ ਅਗਲੇ ਦਿਨ ਰਿਟਾਇਰ ਹੋ ਗਏ ਅਤੇ ਪੈਨਸ਼ਨ ਲੈਣ ਲੱਗ ਪਏ ।

ਸਰਕਾਰ ਨੇ ਹਾਈ ਕੋਰਟ ਵਿਚ ਅਪੀਲ ਕਰ ਦਿੱਤੀ । ਇੰਨੀ ਦੇਰ ਨੂੰ ਪੈਪਸੂ ਦੇ ਚੀਫ ਮਨਿਸਟਰ ਕਰਨਲ ਰਘਬੀਰ ਸਿੰਘ ਸੁਰਗਵਾਸ ਹੋ ਗਏ ਅਤੇ ਬ੍ਰਿਸ਼ਭਾਨ ਚੀਫ ਮਨਿਸਟਰ ਬਣ ਗਿਆ । ਸਿ. ਕਪੂਰ ਸਿੰਘ ਵਾਂਗ ਸ. ਦਲੀਪ ਸਿੰਘ ਛੀਨਾ ਨੂੰ ਭੀ ਅਦਾਲਤ ਤੇ ਰਾਜਨੀਤਕ ਪ੍ਰਭਾਵ ਕਾਰਨ ਹਾਰ ਦਾ ਮੂੰਹ ਦੇਖਣਾ ਪਿਆ । ਸ. ਦਲੀਪ ਸਿੰਘ ਜੀ ਤਾਂ ਭਾਣੇ ਅੰਦਰ ਸਬਰ ਸ਼ੁਕਰ ਵਿਚ ਸਨ । ਪਰ ਹਿਤੈਸ਼ੀ ਕਾਨੂਨਦਾਨਾਂ ਨੇ ਸੁਪਰੀਮ ਕੋਰਟ ਵਿਚ ਅਪੀਲ ਕਰਨ ਲਈ ਮਜ਼ਬੂਰ ਕਰ ਦਿੱਤਾ ।

ਇਸ ਤੋਂ ਪਹਿਲਾਂ ਕਿ ਉਹ ਸੁਪਰੀਮ ਕੋਰਟ ਵਿਚ ਅਪੀਲ ਕਰਦੇ ਉਨ੍ਹਾਂ ਨੇ ਆਪਣੇ ਕੇਸ ਦੀ ਪੂਰੀ ਫਾਈਲ ਭਾਰਤ ਦੇ ਪਹਿਲੇ ਅਟਾਰਨੀ ਜਨਰਲ ਸਰ ਸੀਤਲਵਾਦ ਕੋਲ ਮਸ਼ਵਰੇ ਲਈ ਭੇਜ ਦਿੱਤੀ । ਅਟਾਰਨੀ ਜਰਨਲ ਨੇ ਸਾਰੇ ਕੇਸ ਦੀ ਪੜਤਾਲ ਕਰ ਕੇ ਫਾਈਲ ਤੇ ਲਿਖ ਦਿੱਤਾ You will surely win ਭਾਵ, ਤੇਰੀ ਜਿੱਤ ਯਕੀਨੀ ਹੈ ਅਤੇ ਫਾਈਲ ਵਾਪਸ ਭੇਜ ਦਿੱਤੀ ।

ਰਿਸ਼ਤੇਦਾਰਾਂ ਅਤੇ ਹਿਤੈਸ਼ੀਆਂ ਦੇ ਮਜ਼ਬੂਰ ਕਰਨ ਤੇ ਕੋਈ ਚਾਰਾ ਨ ਦੇਖ, ਸਰਦਾਰ ਸਾਹਿਬ ਨੇ ਸੁਪਰੀਮ ਕੋਰਟ ਵਿਚ ਅਪੀਲ ਕਰ ਦਿੱਤੀ । ਲੰਬੇ ਸਮੇਂ ਦੀ ਕਾਰਵਾਈ ਪਿੱਛੋਂ ਇਕ ਹਿੰਦੂ ਅਤੇ ਇਕ ਮੁਸਲਮਾਨ, ਦੋ ਜੱਜਾਂ ਦੇ ਪੈਨਲ ਕੋਲ ਕੇਸ ਚਲਿਆ। ਜਰਨੈਲ ਸਾਹਿਬ ਦੇ ਵਕੀਲ ਨੇ ਦਲੀਲ ਦਿੱਤੀ ਕਿ ਰੇਲਵੇ ਦੇ ਇਕ ਗਾਰਡ ਨੂੰ ਬਗ਼ੈਰ ਕੋਈ ਕਸੂਰ ਸਿੱਧ ਹੋਣ ’ਤੇ ਅਤੇ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਦਿੱਤੇ ਬਗ਼ੈਰ ਸਰਕਾਰ ਨੇ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਅਤੇ ਆਪ ਦੀ ਅਦਾਲਤ ਨੇ ਉਸ ਨੂੰ ਬਹਾਲ ਕਰ ਦਿੱਤਾ ਸੀ । ਇਥੇ ਭੀ ਇਹੀ ਮੁਆਮਲਾ ਹੈ । ਹਿੰਦੂ ਜੱਜ ਨੇ ਕਿਹਾ ਕਿ ਉਹ ਇਕ ਗਾਰਡ ਦਾ ਕੇਸ ਸੀ ਪਰ ਇਥੇ ਇਕ ਪੁਲਿਸ ਮੁਖੀ ਹੈ ਜੋ ਪੈਨਸ਼ਨ ਲੈ ਰਿਹਾ ਹੈ । ਇਸ ਲਈ ਅਪੀਲ ਖਾਰਜ ਕਰ ਦਿੱਤੀ । ਸਿਰਦਾਰ ਕਪੂਰ ਸਿੰਘ ਤੇ ਤਾਂ ਝੂਠੇ ਇਲਜ਼ਾਮ ਲਾ ਕੇ ਨੌਕਰੀ ਤੋਂ ਕੱਢ ਦਿੱਤਾ ਸੀ ਜੋ ਕਿ ਆਜ਼ਾਦ ਭਾਰਤ ਦੇ ਇਤਿਹਾਸ ਵਿਚ ਇਕੋ ਇਕ ਘਟਨਾ ਹੈ । ਇਥੇ ਤਾਂ ਕੋਈ ਕੇਸ ਬਣਿਆ ਹੀ ਨਹੀਂ ਸੀ । ਜਿਸ ਆਧਾਰ ਤੇ ਜਰਨੈਲ ਸਾਹਿਬ ਨੂੰ ਜਬਰੀ ਰਿਟਾਇਰ ਕੀਤਾ ਗਿਆ ਸੀ । ਇਸ ਲਈ ਉਨ੍ਹਾਂ ਖੁਲੀ ਪੜਤਾਲ ਲਈ ਸਰਕਾਰ ਨੂੰ ਕਿਹਾ ਸੀ ਪਰ ਸਰਕਾਰ ਮੁੱਕਰ ਗਈ । ਜਰਨੈਲ ਸਾਹਿਬ ਦਾ ਕਹਿਣਾ ਸੀ ਕਿ ਜੇ ਮੇਰੇ ਕੇਸ ਦੀ ਖੁੱਲ੍ਹੀ ਪੜਤਾਲ ਹੁੰਦੀ ਤਾਂ ਮੇਰੀ ਗਰੰਟੀ ਸੀ ਕਿ ਸਰਦਾਰ ਪਟੇਲ, ਗਿਆਨ ਸਿੰਘ ਗਾੜ੍ਹੇਵਾਲਾ ਅਤੇ ਹੋਰ ਕਈ ਜੇਲ੍ਹ ਦੀ ਹਵਾ ਖਾਂਦੇ । ਕੇਸ ਦੌਰਾਨ ਸਰਦਾਰ ਸਾਹਿਬ ਨੇ ਨਾ ਕੋਈ ਸਿਫਾਰਸ਼ ਲੜਾਈ, ਨ ਕਿਸੇ ਨੂੰ ਰਿਸ਼ਵਤ ਦਿੱਤੀ ਅਤੇ ਨਾ ਹੀ ਕਿਸੇ ਦੀ ਮਿੰਨਤ ਤਰਲੇ ਕੀਤੇ ਇਸੇ ਲਈ ਸਿਰਦਾਰ ਕਪੂਰ ਸਿੰਘ ਵਾਂਗ ਸਬਰ ਨਾਲ ਘਰ ਬੈਠਣਾ ਪਿਆ ।

❖❖❖

# ਧਰਮ ਦੀ ਕਿਰਤ

ਸਿੱਖੀ ਸਿਧਾਂਤ ਦੇ ਤਿੰਨ ਵੱਡੇ ਸਤੰਭ ਹਨ : ਨਾਮ ਜਪਣਾ, ਵੰਡ ਛੱਕਣਾ ਅਤੇ ਧਰਮ ਦੀ ਕਿਰਤ ਕਰਨਾ । ਧਰਮ ਦੀ ਕਿਰਤ ਦਾ ਅਰਥ ਹੈ ਕਿ ਕਮਾਈ ਜੋ ਕੀਤੀ ਜਾਵੇ ਨਿਰੋਲ ਸੱਚ ਤੇ ਆਧਾਰਤ ਹੋਵੇ । ਇਸ ਦਾ ਵਿਸਥਾਰ ਜੇ ਕਰਨਾ ਹੋਵੇ ਤਾਂ ਸਿੱਟਾ ਇਹ ਨਿਕਲੇਗਾ ਕਿ ਜੋ ਖੇਤੀ ਕਰਦਾ ਹੈ ਪਰਾਈ ਵੱਟ ਨਾ ਢਾਏ ਅਤੇ ਪਰਾਏ ਬੋਹਲ ਵੱਲ ਨਾ ਝਾਕੇ । ਦੁਕਾਨਦਾਰ ਝੂਠ ਨ ਬੋਲੇ, ਘੱਟ ਨ ਤੋਲੇ, ਇਕ ਮੁੱਲ ਰੱਖੇ ਅਤੇ ਕਿਸੇ ਕਿਸਮ ਦੀ ਮਿਲਾਵਟ ਨ ਕਰੇ । ਨੌਕਰੀ ਪੇਸ਼ਾ, ਈਮਾਨਦਾਰੀ ਨਾਲ ਜੋ ਕੰਮ ਮਿਲਿਆ ਹੈ ਪੂਰੀ ਤਨ ਦੇਹੀ ਨਾਲ ਕੰਮ ਕਰੇ ਅਤੇ ਜੋ ਹਾਕਮ ਵਰਗ ਵਿਚ ਹੈ ਉਹ ਕੁਰਸੀ ਤੇ ਬੈਠ ਕੇ ਪੂਰਾ ਪੂਰਾ ਇਨਸਾਫ ਕਰੇ ਵੱਢੀ ਲੈ ਕੇ ਕਿਸੇ ਦਾ ਹੱਕ ਨਾ ਮਾਰੇ । ਸਰਦਾਰ ਸਾਹਿਬ ਨੇ ਆਪਣੀ ਜ਼ਿੰਦਗੀ ਵਿਚ ਇਸ ਪੱਖੋਂ ਕਿਸ ਤਰ੍ਹਾਂ ਸਿਖੀ ਸਿਦਕ ਨਿਬਾਹਿਆ ਇਕ ਮਿਸਾਲ ਇਹ ਹੈ ।

ਪਟਿਆਲਾ ਰਿਆਸਤ ਦੀਆਂ ਹੱਦਾਂ ਬੀਕਾਨੇਰ ਰਿਆਸਤ ਨਾਲ ਲਗਦੀਆਂ ਸਨ । ਸਰਹੱਦ ਤੇ ਰਹਿਣ ਵਾਲੇ ਦੋਨੋਂ ਪਾਸਿਆਂ ਦੇ ਲੋਕ ਲੁੱਟ-ਮਾਰ ਕਰਨ ਵਿਚ ਗ੍ਰਸਤ ਸਨ । ਬੀਕਾਨੇਰ ਵੱਲ ਦੇ ਪਟਿਆਲਾ ਦੀ ਹੱਦ ਵਿਚ ਲੁੱਟ ਕੇ ਮੁੜ ਜਾਂਦੇ ਸਨ ਅਤੇ ਪਟਿਆਲੇ ਦੀ ਹੱਦ ਵਿਚ ਰਹਿਣ ਵਾਲੇ ਬੀਕਾਨੇਰ ਵਾਲੇ ਪਾਸੇ ਡਾਕਾ ਮਾਰ ਕੇ ਪਰਤ ਆਉਂਦੇ ਸਨ । ਦੋਨੋਂ ਪਾਸਿਆਂ ਦੇ ਕਾਨੂੰਨ ਦੇ ਰਾਖੇ ਭੀ ਢਿੱਲੜ ਅਤੇ ਪੂਰੇ ਈਮਾਨਦਾਰ ਨਹੀਂ ਸਨ । ਇਸ ਲਈ ਦੋਨਾਂ ਰਿਆਸਤਾਂ ਦੇ ਸਰਹੱਦੀ ਇਲਾਕੇ ਦੇ ਆਮ ਨਾਗਰਿਕ ਦੁਖੀ ਸਨ ।

ਇਕ ਵਾਰ ਪਟਿਆਲੇ ਦੇ ਮਹਾਰਾਜਾ ਭੂਪਿੰਦਰ ਸਿੰਘ ਜੀ ਅਤੇ ਬੀਕਾਨੇਰ ਦੇ ਮਹਾਰਾਜਾ ਗੰਗਾ ਸਿੰਘ ਜੀ ਕਿਤੇ ਇਕੱਠੇ ਹੋਏ ਅਤੇ ਕਾਨੂੰਨ ਦੀ ਵਿਵਸਥਾ ਬਾਰੇ ਗੱਲ ਕੀਤੀ । ਦੋਨਾਂ ਧਿਰਾਂ ਨੇ ਆਪਣੀ ਪਰਜਾ ਦੀ ਹਿਫਾਜ਼ਤ ਲਈ ਯੋਗ ਪ੍ਰਬੰਧ ਕਰਨ ਲਈ ਜ਼ੋਰ ਦਿੱਤਾ । ਪਟਿਆਲੇ ਪਰਤ ਕੇ ਮਹਾਰਾਜਾ ਸਾਹਿਬ ਨੇ ਸ. ਦਲੀਪ ਸਿੰਘ ਛੀਨਾ ਨੂੰ....ਇਸ ਕੰਮ ਤੇ ਲਗਾ ਕੇ ਅਮਨ ਕਾਨੂੰਨ ਕਾਇਮ ਰੱਖਣ ਦੀ ਤਾਕੀਦ ਕਰ ਦਿੱਤੀ ।

ਸਰਦਾਰ ਸਾਹਿਬ ਨੇ ਚਾਰਜ ਲੈ ਕੇ ਆਪਣੇ ਤਰੀਕੇ ਨਾਲ ਕੰਮ ਕਰਨਾ ਸ਼ੁਰੂ ਕਰ ਦਿੱਤਾ ਅਤੇ ਡਾਕੂਆਂ ਦੀ ਨਾਕਾ ਬੰਦੀ ਹੋਣ ਲੱਗ ਪਈ । ਜਿੱਥੇ ਕਿਤੇ ਡਾਕੇ ਦੀ ਖ਼ਬਰ ਮਿਲਦੀ ਅਮਲਾ ਲੈ ਕੇ ਖ਼ੁਦ ਪਹੁੰਚਦੇ । ਜਿਥੇ ਆਮ ਪੁਲਿਸ ਵਾਲਿਆਂ ਕੋਲ ਉਸ ਜ਼ਮਾਨੇ ਵਿਚ ਤਲਵਾਰਾਂ ਹੁੰਦੀਆਂ ਸਨ ਉਥੇ ਡਾਕੂਆਂ ਕੋਲ ਪੱਕੀਆਂ ਰਾਈਫਲਾਂ ਸਨ । ਇਕ ਵਾਰ ਡਾਕੂਆਂ ਦਾ ਪਿੱਛਾ ਕਰ ਰਹੇ ਸਨ ਤਾਂ ਡਾਕੂ ਦੀ ਗੋਲੀ ਸਿਰ ਨੂੰ ਛੂਹ ਕੇ ਨਿਕਲ ਗਈ ਆਪ ਤਾਂ ਬੱਚ ਗਏ ਪਰ ਦਸਤਾਰ ਉੱਤਰ ਗਈ ।

ਸਰਦਾਰ ਸਾਹਿਬ ਨੇ ਫੌਰਨ ਪਟਿਆਲੇ ਆ ਕੇ ਮਹਾਰਾਜ ਸਾਹਿਬ ਨੂੰ ਸਾਰੇ ਹਾਲਾਤ ਬਾਰੇ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਇਨ੍ਹਾਂ ਖਤਰਨਾਕ ਡਾਕੂਆਂ ਨੂੰ ਘੋੜ ਸਵਾਰ ਰਸਾਲੇ ਦੇ ਦਸਤੇ ਨਾਲ ਹੀ ਕਾਬੂ ਕੀਤਾ ਜਾ ਸਕਦਾ ਹੈ । ਸੋ ਮਹਾਰਾਜਾ ਸਾਹਿਬ ਨੇ ਰਸਾਲੇ ਦਾ ਇਕ ਦਸਤਾ ਦੇਣਾ ਮੰਨ ਲਿਆ ।

ਆਪਣੇ ਅਸਥਾਨ ਤੇ ਪਹੁੰਚ ਕੇ ਸ. ਸਾਹਿਬ ਨੇ ਮੁਕੰਮਲ ਨਾਕਾਬੰਦੀ ਕਰ ਦਿੱਤੀ ਅਤੇ ਡਾਕੂਆਂ ਦਾ ਨੱਕ ਵਿਚ ਦਮ ਹੋ ਗਿਆ । ਕੁਝ ਦੇਰ ਪਿਛੋਂ ਡਾਕੂਆਂ ਦੇ ਸਰਦਾਰ ਨੇ ਕੁਤਵਾਲ ਰਾਹੀਂ ਸਰਦਾਰ ਸਾਹਿਬ ਨੂੰ ਮਿਲਣ ਲਈ ਸੁਨੇਹਾ ਭੇਜਿਆ । ਮੁਲਾਕਾਤ ਦੀ ਜਗ੍ਹਾ ਪੁਛਣ ਤੇ ਮੀਣੀਆਂ ਦੇ ਸਰਦਾਰ ਨੇ ਕਿਹਾ ਕਿ ਉਹ ਦਫ਼ਤਰ ਵਿਚ ਹੀ ਆ ਕੇ ਮਿਲ ਲਵੇਗਾ ।

ਨੀਯਤ ਸਮੇਂ ਤੇ ਡਾਕੂਆਂ ਦਾ ਸਰਦਾਰ ਦਫਤਰ ਪਹੁੰਚ ਗਿਆ । ਗੱਲਬਾਤ ਸ਼ੁਰੂ ਹੋਈ, ਸਰਦਾਰ ਸਾਹਿਬ ਕਹਿਣ ਲੱਗੇ ਗੱਲਬਾਤ ਛੋਟੀ ਕਰੋ ਅਤੇ ਦਸੋ ਕਿ ਉਹ ਮੇਰੇ ਕੋਲੋਂ ਕੀ ਚਾਹੁੰਦਾ ਹੈ । ਡਾਕੂਆਂ ਦਾ ਸਰਦਾਰ ਕਹਿਣ ਲੱਗਾ ਸਿਰਫ ਰਸਤਾ ਚਾਹੀਦਾ ਹੈ ਤੁਹਾਡੇ ਇਲਾਕੇ ਵਿਚ ਕੋਈ ਵਾਰਦਾਤ ਨਹੀਂ ਹੋਵੇਗੀ, ਇਹ ਮੈਂ ਵਿਸ਼ਵਾਸ਼ ਦਿਵਾਉਂਦਾ ਹਾਂ । ਸਰਦਾਰ ਸਾਹਿਬ ਨੇ ਉੱਤਰ ਦਿੱਤਾ ਕਿ ਮੈਂ ਵਚਨ ਦਿੰਦਾ ਹਾਂ ਕਿ ਜਦ ਮੇਰੇ ਸਾਹਮਣੇ ਆਵੇਂਗਾ ਮੈਂ ਕੁਝ ਨਹੀਂ ਕਹਾਂਗਾ ਪਰ ਮੈਂ ਆਪਣੇ ਕਿਸੇ ਮਾਤਹਿਤ ਨੂੰ ਤੇਰਾ ਪਿੱਛਾ ਕਰਨ ਤੋਂ ਨਹੀਂ ਰੋਕਾਂਗਾ । ਤੈਨੂੰ ਤਾਂ ਨਾ ਰੱਬ ਦਾ ਭੈ ਹੈ ਨ ਹੀ ਕਿਸੇ ਨੂੰ ਜੁਆਬ ਦੇਣਾ ਹੈ । ਪਰ ਮੈਂ ਸਰਕਾਰ ਦਾ ਨੌਕਰ ਹਾਂ ਇਸ ਲੋਕ ਵਿਚ ਸਰਕਾਰ ਨੂੰ ਜਵਾਬ ਦੇਹ ਹਾਂ ਅਤੇ ਪਰਲੋਕ ਵਿਚ ਪਰਮਾਤਮਾ ਨੂੰ ਜੁਆਬ-ਦੇਹ ਹਾਂ ।

ਗੱਲਬਾਤ ਟੁੱਟ ਗਈ । ਮੀਣਿਆਂ ਦਾ ਸਰਦਾਰ ਜਾਣ ਲੱਗਾ ਸੀ ਕਿ ਸਰਦਾਰ ਸਾਹਿਬ ਨੇ ਰੋਕ ਲਿਆ ਅਤੇ ਇੰਜ ਕਿਹਾ "ਤੇਰੇ ਕੋਲ ਵੱਧ ਤੋਂ ਵੱਧ ਇਕ ਪਿਸਤੋਲ ਡਬ ਵਿਚ ਹੋਵੇਗਾ ਦੇਖ ਮੇਰੇ ਕਿੰਨੇ ਜੁਆਨ ਖੜ੍ਹੇ ਹਨ ਤੇਰੀ ਬੋਟੀ ਬੋਟੀ ਕਰ ਦੇਣਗੇ । ਇਸ ਲਈ ਮੇਰੀ ਨੇਕ ਸਲਾਹ ਹੈ ਕਿ ਅੱਗੇ ਤੋਂ ਕਿਸੇ ਪੁਲਿਸ ਅਫਸਰ ਕੋਲ ਇਸ ਤਰ੍ਹਾਂ ਆਉਣ ਦੀ ਹਿੰਮਤ ਨਾ ਕਰੀਂ" ।

ਅੱਗੋਂ ਸਰਦਾਰ ਕਹਿਣ ਲੱਗਾ "ਅਸੀਂ ਭੀ ਕੱਚੀਆਂ ਗੋਲੀਆਂ ਨਹੀਂ ਖੇਲ੍ਹੀਆਂ, ਬੰਦਾ ਕੁਬੰਦਾ ਦੇਖ ਕੇ ਚਲਦੇ ਹਾਂ ਜੇਹਾ ਸੁਣਿਆ ਸੀ ਵੈਸਾ ਮਿਲਿਆ ਹੈ । ਅੱਜ ਪਹਿਲੀ ਵਾਰ ਮੈਨੂੰ ਆਉਣਾ ਪਿਆ ਹੈ ਹੁਣ ਤੱਕ ਸਾਰੇ ਅਫਸਰ ਮੇਰੇ ਕੋਲ ਹੀ ਮੈਨੂੰ ਆ ਕੇ ਮਿਲਦੇ ਰਹੇ ਹਨ ।"

ਸਰਦਾਰ ਸਾਹਿਬ ਦੀ ਈਮਾਨਦਾਰੀ ਅਤੇ ਧਰਮ ਦੀ ਕਿਰਤ ਦਾ ਸਦਕਾ ਸਾਰੇ ਇਲਾਕੇ ਵਿਚ ਸ਼ਾਂਤੀ ਵਰਤ ਗਈ ਅਤੇ ਸਰਦਾਰ ਸਾਹਿਬ ਦੇ ਨਾਉਂ ਦੇ ਕਿੱਸੇ ਛਾਪ ਕੇ ਇਲਾਕੇ ਵਿਚ ਵੰਡੇ ਗਏ । ਇਸੇ ਤਰ੍ਹਾਂ ਸੰਨ 1947 ਵਿਚ ਮੁਸਲਮਾਨਾਂ ਦੇ ਮਰਨ ਪਿਛੋਂ ਰਿਕਵਰੀ ਵਿਚ ਜੋ ਮਾਲ ਬਰਾਮਦ ਹੋਇਆ ਅਤੇ ਹੋਰ ਜਗ੍ਹਾਂ ਤੋਂ ਜੋ ਮਿਲਿਆ ਦਸ ਮਣ ਪੱਕਾ ਸੋਨਾ ਅਤੇ ਇੱਕੀ ਮਣ ਪੱਕੀ ਚਾਂਦੀ ਖ਼ੁਦ ਸਰਕਾਰੀ ਖਜ਼ਾਨੇ ਵਿਚ ਜਮ੍ਹਾ ਕਰਵਾਈ, ਇਕ ਪੈਸੇ ਦੇ ਵੀ ਰਵਾਦਾਰ ਨਹੀਂ ਸਨ ।

❖❖❖

# ਸਿੱਖੀ ਪਰਖ

ਸ. ਦਲੀਪ ਸਿੰਘ ਛੀਨਾ ਅਤੇ ਉਨ੍ਹਾਂ ਦੇ ਵੱਡੇ ਭਰਾ ਸ. ਹਰਬੰਸ ਸਿੰਘ ਛੀਨਾ ਜੋ ਕਿ ਮਹਾਰਾਜਾ ਭੂਪਿੰਦਰ ਸਿੰਘ ਜੀ ਦੇ ਰਾਜ ਕਾਲ ਸਮੇਂ ਐਕਸਾਈਜ਼ ਕਮਿਸ਼ਨਰ ਦੀ ਕੁਰਸੀ ਤੇ ਸੀ, ਪੂਰਨ ਗੁਰਸਿੱਖੀ ਰਹਿਤ ਦੇ ਧਾਰਨੀ ਸੀ । ਗੁਰਬਾਣੀ ਦੇ ਨਿਤਨੇਮੀ, ਪ੍ਰੇਮੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਤੇ ਭਰੋਸਾ ਰੱਖਣ ਵਾਲੇ ਸੀ । ਕਿਉਂਕਿ ਸਿਖੀ ਰਹਿਤ ਅਨੁਸਾਰ ਹਰ ਕਿਸਮ ਦਾ ਨਸ਼ਾ ਸਿੱਖ ਲਈ ਵਰਜਿਤ ਹੈ ਇਸ ਲਈ ਸ. ਦਲੀਪ ਸਿੰਘ ਜੀ ਪੁਲਿਸ ਸੁਪਰੀਟੈਂਡੈਂਟ ਅਤੇ ਉਨ੍ਹਾਂ ਦੇ ਵੱਡੇ ਭਾਈ ਸਾਹਿਬ ਐਕਸਾਈਜ਼ ਕਮਿਸ਼ਨਰ ਹੋਣ ਦੇ ਬਾਵਜੂਦ ਸ਼ਰਾਬ ਆਦਿ ਨਸ਼ਿਆਂ ਦੇ ਪੱਕੇ ਪਰਹੇਜ਼ਗਾਰ ਸੀ । ਇਸ ਲਈ ਮਹਾਰਾਜ ਸਾਹਿਬ ਇਨ੍ਹਾਂ ਦਾ ਦਿਲੋਂ ਸਤਿਕਾਰ ਕਰਦੇ ਸਨ ।

ਇਨ੍ਹਾਂ ਦੇ ਨਾਲ ਦੇ ਅਹਿਲਕਾਰ ਆਮ ਤੌਰ ਤੇ ਇਨ੍ਹਾਂ ਨਾਲ ਖਾਰ ਖਾਂਦੇ ਸੀ ਪਰ ਕੁਝ ਕਰ ਨਹੀਂ ਸਕਦੇ ਸੀ । ਇਸ ਲਈ ਸਮੇਂ ਸਮੇਂ ਮਹਾਰਾਜ ਸਾਹਿਬ ਦੇ ਕੰਨ ਭਰਦੇ ਰਹਿੰਦੇ ਸੀ ਕਿ ਤੁਹਾਨੂੰ ਪਤਾ ਨਹੀਂ ਲੱਗਣ ਦਿੰਦੇ ਘਰ ਅੰਦਰ ਇਹ ਦੋਨੋਂ ਚੋਰੀ ਸ਼ਰਾਬ ਪੀਂਦੇ ਹਨ ।

ਆਖਿਰ ਇਕ ਦਿਨ ਮਹਾਰਾਜ ਸਾਹਿਬ ਨੇ ਮੋਤੀ ਬਾਗ਼ ਮਹਲ ਵਿਚ ਇਕ ਖਾਸ ਪਾਰਟੀ ਦਾ ਇੰਤਜ਼ਾਮ ਕੀਤਾ ਅਤੇ ਸਾਰੇ ਵੱਡੇ ਅਫਸਰਾਂ ਨੂੰ ਆਉਣ ਲਈ ਨਿਉਤਾ ਦਿੱਤਾ । ਹਾਲ ਕਮਰੇ ਵਿਚ ਟੇਬਲ ਲੱਗ ਗਏ ਅਤੇ ਸਾਰੇ ਆਫਿਸਰ ਸਮੇਂ ਸਿਰ ਪਹੁੰਚ ਕੇ ਆਪਣੀ ਨਿਰਧਾਰਤ ਜਗ੍ਹਾ ਤੇ ਬੈਠ ਗਏ । ਸਾਰਿਆਂ ਦੇ ਸਾਹਮਣੇ ਗਿਲਾਸ ਰੱਖ ਦਿੱਤੇ ਗਏ । ਮਹਾਰਾਜ ਸਾਹਿਬ ਨੇ ਪਹਿਲਾਂ ਖੁਦ ਇਕ ਪੈਗ ਸ਼ਰਾਬ ਦਾ ਪੀਤਾ ਫਿਰ ਅੱਖਾਂ ਲਾਲ ਕਰ ਕੇ ਗਰਜਵੀਂ ਆਵਾਜ਼ ਵਿਚ ਕਿਹਾ "Today I will see who will disobey my order" (ਮੈਂ ਅੱਜ ਦੇਖਾਂਗਾ ਕਿ ਮੇਰੀ ਹੁਕਮ ਅਦੂਲੀ ਕਉਣ ਕਰਦਾ ਹੈ)

ਇਸ ਤਰ੍ਹਾਂ ਮਹਾਰਾਜ ਸਾਹਿਬ ਖ਼ੁਦ ਬੋਤਲ ਫੜ ਵਾਰੀ ਵਾਰੀ ਸਭ ਦੇ ਗਲਾਸਾਂ ਵਿਚ ਸ਼ਰਾਬ ਪਾਉਂਦੇ ਰਹੇ ਅਤੇ ਕਿਸੇ ਦੀ ਹਿੰਮਤ ਨਹੀਂ ਪਈ ਕਿ ਅਗੋਂ ਕੋਈ ਉਜਰ ਕਰੇ। ਆਖੀਰ ਜਦ ਹਰਬੰਸ ਸਿੰਘ ਜੀ ਦੀ ਵਾਰੀ ਆਈ ਅਤੇ ਮਹਾਰਾਜ ਸਾਹਿਬ ਗਲਾਸ ਵਿਚ ਸ਼ਰਾਬ ਪਾਉਣ ਲੱਗੇ ਤਾਂ ਸਰਦਾਰ ਸਾਹਿਬ ਨੇ ਇਸ ਤਰ੍ਹਾਂ ਬੇਨਤੀ ਕੀਤੀ ।

"ਮਹਾਰਾਜ ਸਾਹਿਬ ਮੇਰੀ ਬੇਨਤੀ ਹੈ ਕਿ ਮੇਰਾ ਨਾਉਂ ਹਰਬੰਸ ਸਿੰਘ ਛੀਨਾ ਐਕਸਾਈਜ਼ ਕਮਿਸ਼ਨਰ ਹੈ । ਮੈਂ ਪਹਿਲਾਂ ਗੁਰੂ ਦਾ ਸਿੰਘ ਹਾਂ ਫਿਰ ਆਪ ਦਾ ਨੌਕਰ ਹਾਂ । ਗੁਰੂ ਦਾ ਸਿੰਘ ਹੋਣ ਦੇ ਨਾਤੇ ਮੈਂ ਸ਼ਰਾਬ ਨਹੀਂ ਪੀ ਸਕਦਾ ।

ਮੈਂ ਨੌਕਰੀ ਲਈ ਕੋਈ ਬਿਨੈ ਪੱਤਰ ਨਹੀਂ ਦਿੱਤਾ ਸੀ । ਕਾਲਜ ਪੜ੍ਹਦਿਆਂ ਹਜ਼ੂਰ ਆਪਣੇ ਨਾਲ ਨੌਕਰੀ ਲਈ ਲੈ ਆਏ ਸੀ ਜਿਨੇ ਦਿਨ ਆਪ ਦੀ ਹਜੂਰੀ ਵਿਚ ਨਿਭ ਸਕਦੀ ਸੀ ਸੇਵਾ ਕਰਦੇ ਰਹੇ ਪਰ ਹੁਣ ਨਿਭਣੀ ਮੁਸ਼ਕਲ ਹੈ ।

ਜਿਨੇ ਦਿਨ ਨਹੀਂ ਪੀਤੀ ਸੀ ਪੂਰੀ ਈਮਾਨਦਾਰੀ ਨਾਲ ਹਜ਼ੂਰ ਦੀ ਸੇਵਾ ਕੀਤੀ ਹੈ ਅਤੇ ਅੱਗੇ ਕਰਦੇ ਰਹਾਂਗੇ ਪਰ ਹੁਣ ਜੇ ਹੁਕਮ ਮੰਨ ਕੇ ਪੀ ਲਿੱਤੀ ਤਾਂ ਅੱਗੇ ਨੂੰ ਆਦਤ ਪੈ ਜਾਵੇਗੀ ਫਿਰ ਅਸੀਂ ਈਮਾਨਦਾਰੀ ਦਾ ਕੋਈ ਭਰੋਸਾ ਨਹੀਂ ਦੇ ਸਕਦੇ ।"

ਦਰਿਆ ਦਿਲ ਮਹਾਰਾਜੇ ਦੀ ਪਾਰਖੂ ਅੱਖ ਨੇ ਸਚਾਈ ਪਰਖ ਲਈ, ਝੱਟ ਬੋਤਲ ਟੇਬਲ ਤੇ ਰੱਖ ਕੇ ਜੱਫੀ ਪਾ ਲਈ ਅਤੇ ਕਿਹਾ ਭਾਅ ਜੀ ਤੁਹਾਨੂੰ ਮਜ਼ਬੂਰ ਨਹੀਂ ਕਰਦਾ। ਵੱਡੇ ਭਰਾ ਦਾ ਰੁੱਖ ਦੇਖ ਕੇ ਸ. ਦਲੀਪ ਸਿੰਘ ਜੀ ਨੂੰ ਵੈਸੇ ਹੀ ਮਹਾਰਾਜ ਪਾਸ ਕਰ ਗਏ।

ਦੋਨੋਂ ਭਰਾਵਾਂ ਨੇ ਸਾਰੀ ਉਮਰ ਆਪਣੇ ਅਸੂਲ ਤੋਂ ਪਹਿਰਾ ਦਿੱਤਾ। ਮਹਾਰਾਜਾ ਸਾਹਿਬ ਨੇ ਭੀ ਦੁਬਾਰਾ ਕਦੇ ਅਜੇਹੀ ਪਰਖ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਜਿਥੇ ਬਾਕੀ ਅਹਿਲਕਾਰਾਂ ਨੂੰ ਮਹਾਰਾਜ ਹੋਣ ਦੇ ਨਾਤੇ ਆਪਣੇ ਅੰਦਾਜ਼ ਨਾਲ ਬੁਲਾਉਂਦੇ ਸਨ ਉਥੇ ਦੋਨੋਂ ਭਰਾਵਾਂ ਨੂੰ ਪੂਰੇ ਆਦਰ ਸਤਿਕਾਰ ਨਾਲ ਬੁਲਾਉਂਦੇ ਰਹੇ।

ਇਥੇ ਇਹ ਦੱਸਣਾ ਭੀ ਉਚਿਤ ਰਹੇਗਾ ਕਿ ਉਸ ਵੇਲੇ ਸ਼ਖ਼ਸ਼ੀ ਰਾਜ ਸੀ। ਰਾਜੇ ਦੇ ਮੂੰਹੋਂ ਨਿਕਲੇ ਬੋਲ ਹੀ ਕਾਨੂੰਨ ਹੁੰਦੇ ਸਨ, ਨ ਕੋਈ ਅਪੀਲ ਨ ਦਲੀਲ ਅਤੇ ਮਹਾਰਾਜੇ ਦੀ ਕਰੋਪੀ, ਜਾਨ ਲਈ ਖਤਰਾ ਭੀ ਬਣ ਸਕਦੀ ਸੀ।

ਕਾਫੀ ਲੰਬੇ ਸਮੇਂ ਪਿਛੋਂ ਜਦ ਸਰਕਾਰੀ ਨੌਕਰੀ ਤੇ ਲੁਧਿਆਣੇ ਤੋਂ ਬਦਲ ਕੇ ਮੈਂ ਪਟਿਆਲੇ D.C.W. ਵਿਚ ਡਿਊਟੀ ਤੇ ਹਾਜ਼ਰ ਹੋਇਆ ਤਾਂ ਇਕ ਦਿਨ 22 ਨੰ: ਫਾਟਕ ਕੋਲ ਉਨ੍ਹਾਂ ਦੀ ਕੋਠੀ ਮਿਲਣ ਗਿਆ। ਜਰਨੈਲ ਸਾਹਿਬ ਇਕੱਲੇ ਹੀ ਕਮਰੇ ਵਿਚ ਲੇਟੇ ਹੋਏ ਸੀ। ਚਿਕ ਚੱਕ ਕੇ ਅੰਦਰ ਗਿਆ ਅਤੇ ਫਤਹਿ ਬੁਲਾਈ। ਗੱਲਾਂ ਕਰਦੇ ਕਰਦੇ ਇਕ ਦੰਮ ਚੇਤੰਨ ਹੋ ਕਿ ਕਹਿਣ ਲੱਗੇ ਕਾਕਾ ਮੇਰੇ ਵੱਲ ਵੇਖ ! ਮੇਰੇ ਚੇਹਰੇ ਤੇ ਕੋਈ ਝੁਰੜੀ ਹੈ ? ਮੈਂ ਪੂਰਨ ਤੌਰ ਤੇ ਸਹੀ ਸੁਣ ਸਕਦਾ ਹਾਂ, ਬੋਲ ਸਕਦਾ ਹਾਂ, ਤੁਰ ਸਕਦਾ ਹਾਂ, ਪੰਜੇ ਗਿਆਨ ਇੰਦਰੇ ਅਤੇ ਪੰਜੇ ਕਰਮ ਇੰਦਰੇ ਸਹੀ ਕੰਮ ਕਰ ਰਹੇ ਹਨ। ਇਸ ਵੇਲੇ ਮੈਨੂੰ ਅਠਾਸੀਵਾਂ ਸਾਲ ਚੱਲ ਰਿਹਾ ਹੈ। ਚਲ ! ਮੈਂ ਤੈਨੂੰ ਦਿਖਾਵਾਂ ਜੋ ਮੈਨੂੰ ਮਖੌਲ ਕਰਦੇ ਹੁੰਦੇ ਸਨ ਕਿ ਇਹ ਕੰਜੂਸ ਹੈ ਮੱਖੀ ਚੂਸ ਹੈ, ਨਾ ਖਾਂਦਾ ਹੈ ਖੁਲਾਉਂਦਾ ਹੈ ਨ ਪੀਂਦਾ ਹੈ ਨ ਪਿਲਾਉਂਦਾ ਹੈ, ਉਨ੍ਹਾਂ ਵਿਚੋਂ ਜ਼ਿਆਦਾਤਰ ਪਰਲੋਕ ਪਹੁੰਚ ਗਏ ਬਾਕੀਆਂ ਨੂੰ ਘਰ ਦੇ ਹੀ ਚੱਕ ਕੇ ਪਿਸ਼ਾਬ ਕਰਾਉਂਦੇ ਹਨ। ਇਸ ਲਈ ਜੇ ਸੁਖੀ ਰਹਿਣਾ ਹੈ ਤਾਂ ਹਰ ਪ੍ਰਕਾਰ ਦੇ ਨਸ਼ਿਆਂ ਤੋਂ ਦੂਰ ਰਹੋ ਅਤੇ ਖਾਣੇ ਤੇ ਕੰਟਰੋਲ ਰੱਖੋ।

❖❖❖

# ਇਮਾਨਦਾਰੀ ਅਤੇ ਦ੍ਰਿੜਤਾ

ਬੰਬਈ ਦਾ ਇਕ ਬਹੁਤ ਅਮੀਰ ਪਾਰਸੀ ਸੀ। ਇਸ ਦੀ ਮਹਾਰਾਜਾ ਭੁਪਿੰਦਰ ਸਿੰਘ ਜੀ ਨਾਲ ਗੂੜੀ ਮਿੱਤਰਤਾ ਸੀ ਅਤੇ ਜਦ ਮੌਕਾ ਲੱਗਣਾ ਪਟਿਆਲੇ ਆ ਕੇ ਦੋ ਦੋ ਤਿੰਨ ਤਿੰਨ ਮਹੀਨੇ ਮਹਾਰਾਜ ਸਾਹਿਬ ਦਾ ਖਾਸ ਮਹਿਮਾਨ ਬਣ ਕੇ ਰਹਿਣਾ ਅਤੇ ਰੰਗ ਰਲੀਆਂ ਮਨਾਉਣੀਆਂ। ਇਕ ਦਿਨ ਉਸ ਨੇ ਸ. ਦਲੀਪ ਸਿੰਘ ਜੀ (ਸੁਪ੍ਰਿੰ. ਪੁਲਿਸ) ਨੂੰ ਕਿਸੇ ਦੀ ਸਿਫਾਰਸ਼ ਕਰਕੇ ਕੰਮ ਕਰਨ ਲਈ ਕਿਹਾ।

ਸਰਦਾਰ ਸਾਹਿਬ ਨੇ ਸਲੀਕੇ ਨਾਲ ਮਾਣ ਰੱਖਦਿਆਂ ਉੱਤਰ ਦਿੱਤਾ ਕਿ ਸਾਰੇ ਕੇਸ ਨੂੰ ਦੇਖ ਕੇ ਹੀ ਨਿਰਣਾ ਦੇ ਸਕਦਾ ਹਾਂ, ਬਿਨਾਂ ਫਾਈਲ ਦੇਖੇ ਕੋਈ ਵਾਅਦਾ ਨਹੀਂ ਕਰ ਸਕਦਾ। ਪਾਰਸੀ ਸਾਹਿਬ ਜੋ ਮਹਾਰਾਜਾ ਸਾਹਿਬ ਦੀ ਦੋਸਤੀ ਦਾ ਬਹੁਤ ਮਾਣ ਕਰਦੇ ਸੀ, ਇਸ ਉੱਤਰ ਨਾਲ ਸੰਤੁਸ਼ਟ ਨਾ ਹੋਏ ਬਲਕਿ ਆਪਣੀ ਹੱਤਕ ਮਹਿਸੂਸ ਕਰਕੇ ਕਹਿਣ ਲੱਗਾ "ਮੈਨੂੰ ਫਿਰ ਮਹਾਰਾਜਾ ਸਾਹਿਬ ਤੋਂ ਹੁਕਮ ਕਰਾਉਣਾ ਪਵੇਗਾ"।

ਛੀਨਾ ਸਾਹਿਬ ਨੇ ਦ੍ਰਿੜਤਾ ਭਰੇ ਅੰਦਾਜ਼ ਵਿਚ ਕਿਹਾ ਕਿ ਕ੍ਰਿਪਾ ਕਰਕੇ ਤੁਸੀਂ ਹੁਣ ਮੇਰੇ ਕੋਲ ਨਾ ਆਉਣਾ। ਜੇ ਕੰਮ ਜਾਇਜ਼ ਹੋਇਆ ਤਾਂ ਆਪਣੇ ਆਪ ਹੋ ਜਾਵੇਗਾ ਜਾਂ ਫਿਰ ਤੁਸੀਂ ਮਹਾਰਾਜ ਸਾਹਿਬ ਤੋਂ ਹੁਕਮ ਕਰਵਾ ਦੇਣਾ। ਸਰਦਾਰ ਸਾਹਿਬ ਨੇ ਸਾਰੀ ਫਾਈਲ ਮੰਗਵਾ ਕੇ ਦੇਖੀ ਅਤੇ ਦੇਖਿਆ ਕਿ ਸਿਫਾਰਸ਼ ਗ਼ਲਤ ਕੰਮ ਲਈ ਹੋ ਰਹੀ ਸੀ।

ਕੁਝ ਸਮੇਂ ਪਿੱਛੋਂ ਇਕ ਦਿਨ ਮਹਾਰਾਜ ਸਾਹਿਬ ਦਾ ਟੈਲੀਫੋਨ ਆਇਆ "ਦਲੀਪ ! ਇਹ (ਪਾਰਸੀ) ਮੇਰੇ ਕੋਲ ਖੜਾ ਹੈ ਇਸ ਦਾ ਕੰਮ ਕਰ ਦੇਣਾ। ਸਰਦਾਰ ਸਾਹਿਬ ਨੇ ਮਹਾਰਾਜਾ ਸਾਹਿਬ ਨੂੰ ਇਸ ਲਹਿਜੇ ਵਿਚ ਉੱਤਰ ਦਿੱਤਾ।

"ਹਜ਼ੂਰ ਮੈਂ ਤੁਹਾਡਾ ਨੌਕਰ ਹਾਂ ਅਤੇ ਹਜ਼ੂਰ ਦਾ ਹੁਕਮ ਮੰਨਣਾ ਮੇਰੇ ਲਈ ਸਰਵਉੱਚ ਕੰਮ ਹੈ। ਮੈਂ ਸਾਰਾ ਕੇਸ ਸਟੱਡੀ ਕੀਤਾ ਹੈ ਇਹ ਕੰਮ ਨਾਜਾਇਜ਼ ਹੈ। ਹਜ਼ੂਰ ਦਾ ਹੁਕਮ ਮੰਨ ਕੇ ਮੈਂ ਇਹ ਕੰਮ ਕਰ ਦੇਵਾਂਗਾ। ਪਰ ਇਸ

ਤਰ੍ਹਾਂ ਨਜਾਇਜ਼ ਕੰਮ ਕਰਦੇ ਕਰਦੇ ਫਿਰ ਗ਼ਲਤ ਕੰਮ ਕਰਨ ਦੀ ਆਦਤ ਪੈ ਜਾਵੇਗੀ ਅਖੀਰ ਨਤੀਜਾ ਇਹ ਨਿਕਲੇਗਾ ਕਿ ਹਜ਼ੂਰ ਦੀ ਕਰੋਪੀ ਦਾ ਭਾਗੀਦਾਰ ਬਣਾਂਗਾ ।"

ਸਰਦਾਰ ਸਾਹਿਬ ਨੇ ਮੈਨੂੰ ਦਸਿਆ ਕਿ ਬਲਿਹਾਰ ਜਾਈਏ ਐਸੇ ਮਹਾਰਾਜੇ ਦੇ ਕਿ ਉਸੇ ਵੇਲੇ ਮਹਾਰਾਜਾ ਸਾਹਿਬ ਨੇ ਪਾਰਸੀ ਨੂੰ ਕਿਹਾ "I am sorry" ਅਤੇ ਟੈਲੀਫੂਨ ਰੱਖ ਦਿੱਤਾ ।

ਇਸੇ ਤਰ੍ਹਾਂ ਦੀ ਇਕ ਹੋਰ ਘਟਨਾ ਜ਼ਿਕਰ ਕਰਦਿਆਂ ਸਰਦਾਰ ਸਾਹਿਬ ਨੇ ਦੱਸਿਆ ਕਿ ਇਕ ਦਿਨ ਸ਼ਹਿਰ ਦੇ ਇਕ ਅਮੀਰ ਲਾਲਾ ਜੀ ਆਏ ਅਤੇ ਕਹਿਣ ਲੱਗੇ ਕਿ ਸਰਦਾਰ ਸਾਹਿਬ ਮੇਰਾ ਇਕ ਕੰਮ ਕਰ ਦੇਵੋ ਮੈਂ ਆਪ ਜੀ ਨੂੰ ਖ਼ੁਸ਼ ਕਰ ਦੇਵਾਂਗਾ। ਉੱਤਰ ਵਿਚ ਉਨ੍ਹਾਂ ਕਿਹਾ ਕਿ ਲਾਲਾ ਜੀ ਮੈਂ ਗ਼ਲਤ ਕੰਮ ਨਹੀਂ ਕਰਦਾ ਹੁੰਦਾ । ਲਾਲਾ ਜੀ ਕਹਿਣ ਲੱਗੇ ਤੁਸੀਂ ਜੋ ਕਹੋਗੇ ਮੈਂ ਦੇ ਦੇਵਾਂਗਾ ਪਰ ਮੇਰਾ ਇਹ ਕੰਮ ਕਰ ਦੇਵੋ ਨਹੀਂ ਮੈਂ ਲੁਟਿਆ ਜਾਵਾਂਗਾ । ਇਸ ਬਾਰੇ ਸਰਦਾਰ ਸਾਹਿਬ ਤੇ ਲਾਲਾ ਜੀ ਨਾਲ ਕੁਝ ਇਸ ਤਰ੍ਹਾਂ ਦੀ ਗੱਲਬਾਤ ਹੋਈ ।

ਸਰਦਾਰ ਸਾਹਿਬ : ਫਿਰ ਇਨ੍ਹਾਂ ਹੀ ਭਰੋਸਾ ਦੇ ਦੇਵੋ ਕਿ ਮੈਂ ਬੁੱਢਾ ਨਹੀਂ ਹੋਵਾਂਗਾ।

ਲਾਲਾ ਜੀ : ਇਹ ਕੈਸੇ ਹੋ ਸਕਤਾ ਹੈ ਜੀ ?

ਸਰਦਾਰ ਸਾਹਿਬ : ਤੁਸੀਂ ਕਹਿੰਦੇ ਹੋ ਕਿ ਮੈਂ ਜੋ ਕਹਾਂਗਾ ਸੋ ਦੇਵੋਗੇ । ਇਸ ਲਈ ਸਭ ਤੋਂ ਪਹਿਲਾਂ ਮੈਨੂੰ ਇਹ ਗਾਰੰਟੀ ਦੇਵੋ ਕਿ ਮੈਂ ਮਰਾਂਗਾ ਨਹੀਂ।

ਲਾਲਾ ਜੀ : ਯਹ ਤੋਂ ਮੁਸ਼ਕਿਲ ਬਾਤ ਹੈ ਜੀ । ਯਹਾਂ ਜੋ ਆਇਆ ਹੈ ਜ਼ਰੂਰ ਜਾਏਗਾ ।

ਸਰਦਾਰ ਸਾਹਿਬ : ਤੁਸੀਂ ਫਿਰ ਇਹ ਯਕੀਨ ਦੁਆ ਦੇਵੋ ਕਿ ਮਰਨ ਪਿਛੋਂ ਮੇਰੇ ਕੀਤੇ ਕਰਮਾਂ ਦਾ ਕੋਈ ਹਿਸਾਬ ਕਿਤਾਬ ਨਹੀਂ ਹੋਵੇਗਾ । ਕਿਉਂਕਿ ਸਾਰੇ ਧਰਮ ਇਸ ਗੱਲ ਨੂੰ ਮੰਨਦੇ ਹਨ ।

ਲਾਲਾ ਜੀ : ਯਹਿ ਮੇਰੇ ਬੱਸ ਕੀ ਬਾਤ ਨਹੀਂ ਹੈ ਸਰਦਾਰ ਸਾਹਿਬ ।

ਸਰਦਾਰ ਸਾਹਿਬ ਕਹਿਣ ਲੱਗੇ ਕਿ ਲਾਲਾ ਜੀ ! ਮੇਰੇ ਵਾਸਤੇ ਭੀ ਇਹ ਮੁਸ਼ਕਿਲ ਹੈ, ਮੇਰੇ ਕੋਲੋਂ ਗ਼ਲਤ ਕੰਮ ਕਰਵਾ ਕੇ ਮੌਜਾਂ ਤੂੰ ਕਰੇਂ ਅਤੇ ਨਰਕਾਂ ਨੂੰ ਮੈਂ ਜਾਵਾਂ । ਇਸ ਲਈ ਚੁਪ ਚਾਪ ਘਰ ਨੂੰ ਚਲਾ ਜਾ ।

196● ਦੇ ਕਰੀਬ ਚੰਡੀਗੜ੍ਹ ਵਿਚ ਮਹਿਕਮਾ ਪੁਲਿਸ ਵੱਲੋਂ ਵੱਡੇ ਪੱਧਰ ਤੇ ਅਥਲੈਟਿਕ ਮੁਕਾਬਲੇ ਕਰਾਏ ਗਏ। ਇਸ ਦੇ ਉਦਘਾਟਨ ਦੇ ਜਸ਼ਨ ਵੇਲੇ ਛੀਨਾ ਸਾਹਿਬ ਨੂੰ ਭੀ ਸੱਦਾ ਪੱਤਰ ਭੇਜਿਆ ਗਿਆ । ਉਦਘਾਟਨੀ ਸਮਾਰੋਹ ਖ਼ਤਮ ਹੋਣ 'ਤੇ ਛੀਨਾ ਸਾਹਿਬ ਪੁਲਿਸ ਰੈਸਟ ਹਾਊਸ ਵਿਚ ਆਰਾਮ ਕਰਨ ਚਲੇ ਗਏ । ਇਨ੍ਹਾਂ ਦੇ ਪੁੱਜਣ ਤੋਂ ਪਹਿਲਾਂ ਤੱਤਕਾਲੀਨ ਪੁਲਿਸ ਜਰਨੈਲ ਸ੍ਰੀ ਅਸ਼ਵਨੀ ਕੁਮਾਰ ਆਪਣੇ ਸਹਿਯੋਗੀ ਪੁਲਿਸ ਅਫਸਰਾਂ ਨਾਲ ਰਿਸ਼ਵਤ ਖੋਰੀ ਦੀਆਂ ਗੱਲਾਂ ਕਰ ਰਹੇ ਸਨ ।

ਛੀਨਾ ਸਾਹਿਬ ਨੂੰ ਦੇਖ ਕੇ ਸਭ ਨੇ ਜੀ ਆਇਆ ਆਖਿਆ ਫਿਰ ਪੁੱਛਣ ਲੱਗੇ ਕਿ ਜਰਨੈਲ ਸਾਹਿਬ ਰਿਸ਼ਵਤ ਖੋਰੀ ਤਾਂ ਤੁਹਾਡੇ ਵੇਲੇ ਵੀ ਸੀ, ਤੁਸੀਂ ਕਿਵੇਂ ਕੰਟਰੋਲ ਕਰਦੇ ਸੀ ? ਛੀਨਾ ਸਾਹਿਬ ਕਹਿਣ ਲੱਗੇ; ਸਾਡੇ ਵੇਲੇ ਦਾ ਸਮਾਂ ਹੋਰ ਸੀ ਹੁਣ ਜ਼ਮਾਨਾ ਬਦਲ ਗਿਆ ਹੈ ।

ਸਾਡੇ ਵੇਲੇ ਸਿਪਾਹੀ ਹੋਲਦਾਰ ਰਿਸ਼ਵਤ ਲੈਂਦੇ ਸੀ, ਜਿਸ ਨੂੰ ਥਾਣੇਦਾਰ ਰੋਕਦੇ ਸੀ । ਕਈ ਥਾਣੇਦਾਰ ਭੀ ਰਿਸ਼ਵਤ ਖੋਰ ਸੀ ਜਿਸ ਲਈ ਐਸ.ਪੀ. ਜ਼ੁੰਮੇਵਾਰੀ ਨਿਭਾਉਂਦੇ ਸੀ । ਸਾਡੇ ਵੇਲੇ ਰਿਆਸਤੀ ਕੰਮ ਸੀ ਮਹਾਰਾਜ ਬੰਦੇ ਦਾ ਖ਼ਾਨਦਾਨ, ਯੋਗਤਾ ਅਤੇ ਈਮਾਨਦਾਰੀ ਦੇਖ ਕੇ ਐਸ.ਪੀ. ਨਿਯੁਕਤ ਕਰਦਾ ਸੀ ਅੱਜ ਕੱਲ ਵਾਂਗ ਮੰਡੀ ਵਿਚੋਂ ਫੜ ਕੇ ਇਸ ਪੋਸਟ ਤੇ ਨਹੀਂ ਲਗਦੇ ਸੀ । ਇਸ ਲਈ ਐਸ.ਪੀ. ਆਪਣੇ ਖ਼ਾਨਦਾਨ ਦੇ ਵੱਕਾਰ ਲਈ ਰੱਬੀ ਭੈ ਵਿਚ ਰਹਿ ਕੇ ਡਿਊਟੀ ਕਰਦੇ ਸਨ ਅਤੇ ਕੰਮ ਠੀਕ ਚਲਦਾ ਸੀ ।

ਸਾਡੇ ਜ਼ਮਾਨੇ ਵਿਚ ਰਿਸ਼ਵਤ ਹੇਠਲੇ ਪੱਧਰ ਤੋਂ ਸ਼ੁਰੂ ਹੁੰਦੀ ਸੀ ਅਤੇ ਉਪਰਲੇ ਕੰਟਰੋਲ ਕਰਦੇ ਸਨ । ਹੁਣ ਭਾਈ ਜ਼ਮਾਨਾ ਬਦਲ ਗਿਆ ਹੁਣ ਰਿਸ਼ਵਤ ਉਪਰਲੇ ਪੱਧਰ ਤੋਂ ਸ਼ੁਰੂ ਹੁੰਦੀ ਹੈ ਇਸ ਨੂੰ ਕੌਣ ਨੱਥ ਪਾਵੇ ? ਇਸ ਦਾ ਇਲਾਜ ਨਵੇਂ ਜ਼ਮਾਨੇ ਦੇ ਅਫਸਰਾਂ ਕੋਲ ਹੈ ।

ਸਰਦਾਰ ਸਾਹਿਬ ਦਾ ਕਹਿਣਾ ਸੀ ਕਿ ਜੇ ਮਹਿਕਮੇ ਦਾ ਮੁਖੀ ਈਮਾਨਦਾਰ ਹੈ ਤਾਂ ਪੰਜਾਹ ਫੀਸਦੀ ਬੇਈਮਾਨੀ ਆਪਣੇ ਆਪ ਖ਼ਤਮ ਹੋ ਜਾਵੇਗੀ ਅਤੇ ਜੇ ਮਹਿਕਮੇ ਦਾ ਮੁੱਖੀ ਥੋੜੀ ਸਖ਼ਤੀ ਵਰਤੇ ਪੱਚੀ ਫੀਸਦੀ ਹੋਰ ਘਟ ਜਾਵੇਗੀ ਪਰ ਬਿਲਕੁਲ ਖ਼ਤਮ ਨਹੀਂ ਹੋ ਸਕਦੀ ।

❖❖❖

# ਕੋਈ ਲਿਹਾਜ਼ ਨਹੀਂ

ਮੇਰੇ ਬੇਬੇ ਜੀ ਪਟਿਆਲੇ ਦੇ ਰੇਲਵੇ ਸਟੇਸ਼ਨ ਤੇ ਗੱਡੀ ਦੀ ਉਡੀਕ ਕਰ ਰਹੇ ਸਨ ਇੰਨੇ ਨੂੰ ਸਰਦਾਰ ਦਲੀਪ ਸਿੰਘ ਜੀ ਦੇ ਘਰੋਂ ਭੀ ਆ ਕੇ ਕੋਲ ਬੈਠ ਗਏ । ਪਰਸਪਰ ਗੱਲਬਾਤ ਤੋਂ ਪਤਾ ਚਲਿਆ ਕਿ ਸਰਦਾਰਨੀ ਸਾਹਿਬਾ ਸਾਡੇ ਗੋਤੀ ਹਨ । ਬਸ! ਇਹ ਛੋਟੀ ਜਿਹੀ ਗੱਲ ਵਾਲੀ ਮਿਲਣੀ ਸਾਰੀ ਉਮਰ ਲਈ ਗੂੜ੍ਹੀ ਮਿੱਤਰਤਾ ਦੀ ਦਹਿਲੀਜ਼ ਟੱਪ ਕੇ ਭੈਣ ਭਰਾ ਦੇ ਰਿਸ਼ਤੇ ਵਿਚ ਬਦਲ ਗਈ । ਅਸੀਂ ਜਰਨੈਲ ਸਾਹਿਬ ਨੂੰ ਫੁੱਫੜ ਜੀ ਕਹਿੰਦੇ ਸਾਂ ਅਤੇ ਉਨ੍ਹਾਂ ਦੇ ਪਤਨੀ ਲਈ ਬਾਪੂ ਜੀ ਸਕੇ ਭਰਾਵਾਂ ਤੋਂ ਵੱਧ ਸਨ । ਫਿਰ ਦੋਨੋਂ ਪਰਿਵਾਰਾਂ ਵਿਚ ਸਿੱਖੀ ਭਾਵਨਾ ਨੇ ਇਸ ਨੂੰ ਹੋਰ ਚਾਰ ਚੰਨ ਲਗਾ ਦਿੱਤੇ । ਜਿਲ੍ਹੇ ਵਿਚ ਪੁਲਿਸ ਸੁਪਰਿਟੈਂਡੈਂਟ ਅਤੇ ਐਕਸਾਈਜ ਇੰਸਪੈਕਟਰ ਦੀ ਇਕ, ਇਕ ਪੋਸਟ ਹੀ ਹੁੰਦੀ ਸੀ ਇਸ ਲਈ ਕਈ ਵਾਰ ਕਾਫੀ ਲੰਮਾਂ ਸਮਾਂ ਇਕੋ ਸ਼ਹਿਰ ਵਿਚ ਇਕੱਠੇ ਰਹਿਣ ਦਾ ਮੌਕਾ ਮਿਲਦਾ ਰਿਹਾ ।

ਇਕ ਵਾਰ ਦੋਨੋਂ ਪਰਿਵਾਰ ਬਰਨਾਲੇ ਸਨ, ਦਮਦਮੇ ਸਾਹਿਬ ਦਾ ਵੈਸਾਖੀ ਦਾ ਜੋੜ ਮੇਲਾ ਕਾਫੀ ਵੱਡਾ ਹੁੰਦਾ ਸੀ । ਸੋ ਸ. ਦਲੀਪ ਸਿੰਘ ਜੀ ਨੇ ਵੈਸਾਖੀ ਤੋਂ ਪਹਿਲਾਂ ਰਸਤੇ ਵਿਚ ਪੈਂਦੇ ਥਾਣਿਆਂ ਦਾ ਮੁਆਇਨਾ ਕਰਕੇ ਦਮਦਮਾ ਸਾਹਿਬ ਪਹੁੰਚ ਜਾਣਾ ਅਤੇ ਬਾਪੂ ਜੀ ਨੇ ਠੇਕਿਆਂ ਦਾ ਮੁਆਇਨਾ ਕਰਕੇ ਉਥੇ ਪਹੁੰਚ ਜਾਣਾ ਅਤੇ ਇਕੱਠਿਆਂ ਨੇ ਵੈਸਾਖੀ ਦਾ ਦਿਹਾੜਾ ਮਨਾ ਕੇ ਵਾਪਸ ਹੈਡ ਕੁਆਟਰ ਪਹੁੰਚ ਜਾਣਾ।

ਇਕ ਵਾਰੀ ਬਾਪੂ ਜੀ ਪਛੜ ਗਏ । ਮੁਖਬਰ ਨੇ ਖ਼ਬਰ ਦਿੱਤੀ ਕਿ ਰਾਮਪੁਰਾ ਫੂਲ ਕੋਲ ਇਕ ਠੇਕ ਤੇ ਮਿਲਾਵਟੀ ਅਫੀਮ ਠੇਕੇਦਾਰ ਨੇ ਰੱਖੀ ਹੈ । ਮੁਸਿਲਮਾਨ ਥਾਣੇਦਾਰ ਨੂੰ ਲੈ ਕੇ ਛਾਪਾ ਮਾਰਿਆ ਗਿਆ ਅਤੇ ਮਾਲ ਬਰਾਮਦ ਹੋ ਗਿਆ । ਰਾਤ ਉਥੇ ਹੀ ਡੇਰੇ ਵਿਚ ਕੱਟ ਕੇ ਅੱਗੇ ਜਾਣਾ ਸੀ । ਸੋ ਠੇਕੇਦਾਰ ਖਾਸ ਬੰਦੇ ਨਾਲ ਥਾਲ ਵਿਚ ਮਠਿਆਈ ਪਾ ਕੇ ਅਤੇ ਪੈਸੇ ਲੈ ਕੇ ਪਹਿਲਾਂ ਬਾਪੂ ਜੀ ਕੋਲ ਆਇਆ ਅਤੇ ਅਧੀਨਗੀ ਨਾਲ ਕਹਿਣ ਲੱਗਾ "ਸ. ਸਾਹਿਬ ਅਸੀਂ ਤਾਂ ਸਾਲ ਦੀ ਕਮਾਈ ਇਸ ਮੇਲੇ ਤੋਂ ਹੀ ਪੂਰੀ ਕਰਦੇ ਹਾਂ, ਅੱਗੇ ਪਿੱਛੇ ਤਾਂ ਕੋਈ ਖਾਸ ਵੱਟਕ ਹੁੰਦੀ ਨਹੀਂ । ਸਾਡੇ ਤੇ ਭਰੋਸਾ ਕਰੋ ਅੱਗੇ ਤੋਂ ਅਸੀਂ ਅਜੇਹੀ ਹਰਕਤ ਨਹੀਂ ਕਰਾਂਗੇ, ਵਿਸ਼ਵਾਸ ਦਿਲਾਂਦੇ ਹਾਂ ।" ਜਦ ਬਹੁਤ ਰੋਣ ਧੋਣ ਲਗ ਗਏ ਬਾਪੂ ਜੀ ਦਾ ਮਨ ਪਸੀਜ ਗਿਆ ਅਤੇ ਠੇਕੇਦਾਰ ਨੂੰ ਕਿਹਾ ਕਿ ਥਾਣੇਦਾਰ ਨਾਲ ਮਿਲ ਕੇ ਛਾਪਾ ਮਾਰਿਆ ਸੀ, ਤੁਸੀਂ ਉਸ ਨੂੰ ਮਨਾ ਲਵੋ ਮੈਂ ਕੇਸ ਰਫਾ ਦਫਾ ਕਰ ਦਵਾਂਗਾ । ਠੇਕੇਦਾਰ ਨੇ ਮਠਿਆਈ ਅਤੇ ਪੈਸੇ ਦੇਣੇ ਚਾਹੇ ਪਰ ਬਾਪੂ ਜੀ ਨੇ ਮਨ੍ਹਾ ਕਰ ਦਿੱਤਾ । ਠੇਕੇਦਾਰ ਉਹ ਮਠਿਆਈ ਅਤੇ ਪੈਸੇ ਲੈ ਕੇ ਥਾਣੇਦਾਰ ਕੋਲ ਚਲੇ ਗਏ । ਖਾਨ ਸਾਹਿਬ ਨੇ ਪਹਿਲਾਂ ਤਾਂ ਪੁਲਸੀਆਂ ਵਾਲੇ ਪੈਂਤਰੇ ਦਿਖਾਏ ਫਿਰ ਕਹਿਣ ਲੱਗਾ ਕਿ ਤੁਸੀਂ ਸਰਦਾਰ ਸਾਹਿਬ ਨੂੰ ਮਨਾ ਲਵੋ ਮੈਂ ਕੋਈ ਕਾਰਵਾਈ ਨਹੀਂ ਕਰਾਂਗਾ । ਠੇਕੇਦਾਰ ਫੌਰਨ ਬੋਲੇ ਅਸੀਂ ਉਨ੍ਹਾਂ ਨੂੰ ਮਨਾ ਲਿਆ ਹੈ ਅਤੇ ਥਾਣੇਦਾਰ ਸਾਹਿਬ ਨੇ ਮਠਿਆਈ ਅਤੇ ਪੈਸੇ ਰੱਖ ਲਿੱਤੇ ।

ਅਗਲੇ ਦਿਨ ਦੋਨਾਂ ਅਫਸਰਾਂ ਨੇ ਮਿਲ ਕੇ ਕੇਸ ਰਫਾ ਦਫਾ ਕਰ ਦਿੱਤਾ ਅਤੇ ਬਾਪੂ ਜੀ ਅਮਲੇ ਸਮੇਤ ਅੱਗੇ ਚੱਲ ਪਏ । ਇਸ ਸਾਰੀ ਘਟਨਾ ਦੀ ਖਬਰ ਸੀ.ਆਈ.ਡੀ. ਰਾਹੀਂ ਸ. ਦਲੀਪ ਸਿੰਘ ਕੋਲ ਪਹੁੰਚ ਗਈ ਕਿ ਮਾਲ ਬਰਾਮਦ ਕਰਨ ਪਿੱਛੋਂ ਦੋਨੋਂ ਅਫਸਰਾਂ ਨੇ ਰਿਸ਼ਵਤ ਲੈ ਕੇ ਠੇਕੇਦਾਰ ਛੱਡ ਦਿੱਤਾ ।

ਜਦ ਦਮਦਮੇ ਸਾਹਿਬ ਸ. ਦਲੀਪ ਸਿੰਘ ਜੀ ਬਾਪੂ ਜੀ ਨੂੰ ਮਿਲੇ ਤਾਂ ਬੜੇ ਤਨਜ਼ੀਆ ਲਹਿਜੇ ਵਿਚ ਬਾਪੂ ਜੀ ਨੂੰ ਕਹਿਣ ਲੱਗੇ "ਗਿਆਨੀ ਜੀ ! ਗਿਆਨੀ ਜੀ ! ਕੀ ਹਾਲ ਹੈ" । ਬਾਪੂ ਜੀ ਦਾ ਮੱਥਾ ਠਣਕਿਆ ਅਤੇ ਗੱਲ ਭਾਂਪ ਕੇ ਕਹਿਣ ਲੱਗੇ "ਗਿਆਨੀ ਜੀ ਗਿਆਨੀ ਜੀ ਹੈ" ? ਸ. ਦਲੀਪ ਸਿੰਘ ਜੀ ਨੇ ਫਿਰ ਸੀ.ਆਈ.ਡੀ. ਰਾਹੀਂ ਪੜਤਾਲ ਕਰਾਈ ਤਾਂ ਪਤਾ ਚਲਿਆ ਕਿ ਇਸ ਕੇਸ ਵਿਚ ਥਾਣੇਦਾਰ ਨੇ ਪੈਸੇ ਖਾਧੇ ਹਨ ਪਰ ਐਕਸਾਈਜ਼ ਇੰਸਪੈਕਟਰ ਨੇ ਕੋਈ ਰਿਸ਼ਵਤ ਨਹੀਂ ਲਿੱਤੀ ।

ਜੋੜ ਮੇਲੇ ਤੋਂ ਵਿਹਲੇ ਹੋ ਕੇ ਸ. ਦਲੀਪ ਸਿੰਘ ਵਾਪਸੀ ਤੇ ਥਾਣੇ ਆਏ ਅਤੇ ਥਾਣੇਦਾਰ ਨੂੰ ਸਸਪੈਂਡ ਕਰ ਦਿੱਤਾ । ਥਾਣੇਦਾਰ ਨੇ ਬੜੀਆਂ ਮਿੰਨਤਾਂ ਕੀਤੀਆਂ ਅਤੇ ਦੱਸਿਆ ਕਿ ਇਹ ਕੇਸ ਐਕਸਾਈਜ਼ ਮਹਿਕਮੇ ਦਾ ਸੀ ਮੈਂ ਧੋਖਾ ਖਾ ਗਿਆ । ਐਸ.ਪੀ. ਸਾਹਿਬ ਕਹਿਣ ਲੱਗੇ ਠੇਕੇਦਾਰ ਛੱਡਣ ਦਾ ਮੈਨੂੰ ਦੁਖ ਨਹੀਂ, ਪਰ ਦੁਖ ਇਹ ਹੈ ਜਦ ਐਕਸਾਈਜ਼ ਇੰਸਪੈਕਟਰ ਨੇ ਪੈਸਾ ਨਹੀਂ ਖਾਧਾ ਤੂੰ ਕਿਉਂ ਖਾਧਾ ? ਤੈਂ ਮੇਰਾ ਮਹਿਕਮਾ ਬਦਨਾਮ ਕੀਤਾ ਹੈ । ਕਉਣ ਮੰਨੇਗਾ ਕਿ ਐਸ.ਪੀ. ਨੂੰ ਇਸ ਵਿਚੋਂ ਕੁਝ ਨਹੀਂ ਮਿਲਿਆ । ਕਰੇਂ ਤੂੰ ਭਰਾਂ ਮੈਂ" ਸੋ ਆਖੀਰ ਥਾਣੇਦਾਰ ਦੀ ਪੇਟੀ ਲੁਹਾ ਕੇ ਹਟੇ । ਇਹ ਸੀ ਸ. ਸਾਹਿਬ ਦੀ ਈਮਾਨਦਾਰੀ ਦੀ ਝਾਕੀ ਕਿ ਕਿੰਨੀ ਹੀ ਨੇੜਤਾ ਹੋਵੇ ਕੋਈ ਲਿਹਾਜ਼ ਨਹੀਂ ।

ਇਸ ਦੀ ਦੂਸਰੀ ਮਿਸਾਲ ਹੈ ਕਿ ਦੇਸ਼ ਦੀ ਆਜ਼ਾਦੀ ਪਿਛੋਂ ਪੰਜਾਬ ਦੇ ਮਾਲਵਾ ਇਲਾਕੇ ਵਿਚ ਕਮਿਊਨਿਸਟਾਂ ਦੀ ਮਦਦ ਨਾਲ ਮੁਜ਼ਾਰਾ ਐਜੀਟੇਸ਼ਨ ਜ਼ੋਰ ਫੜ ਗਿਆ । ਇਹ, ਬਿਸਵੇਦਾਰ ਸਰਦਾਰਾਂ ਕੋਲੋਂ ਮੁਜ਼ਾਰਿਆਂ ਨੇ ਜਬਰਦਸਤੀ ਜ਼ਮੀਨ ਹਥਿਆਉਣ ਲਈ ਕੀਤਾ ਸੀ ਜਿਸ ਵਿਚ ਕਈ ਵਾਰ ਖ਼ੂਨੀ ਝੜਪਾਂ ਤੱਕ ਨੌਬਤ ਪਹੁੰਚ ਜਾਂਦੀ ਸੀ ।

ਇਸੇ ਤਰ੍ਹਾਂ ਇਕ ਖ਼ੂਨੀ ਝੜਪ ਵਿਚ ਮਹਾਰਾਜਾ ਯਾਦਵਿੰਦਰ ਸਿੰਘ ਜੀ ਦੇ ਸਹੁਰਾ ਪਰਿਵਾਰ ਦੇ ਖਾਨਦਾਨ ਵਿਚ ਇਕ ਸਰਦਾਰ ਨੇ ਸਾਹਮਣੇ ਆਏ ਹਥਿਆਰ ਬੰਦ ਮੁਜਾਰਿਆਂ ਵਿਚੋਂ ਦੋ ਬੰਦੇ ਮਾਰ ਦਿੱਤੇ ਅਤੇ ਕਈ ਜ਼ਖਮੀ ਹੋ ਗਏ । ਕੇਸ ਪੁਲਿਸ ਕੋਲ ਰਜਿਸਟਰ ਹੋ ਗਿਆ ਅਤੇ ਸ. ਦਲੀਪ ਸਿੰਘ ਛੀਨਾ ਜੀ ਨੂੰ ਇੰਨਕੁਆਇਰੀ ਅਫਸਰ ਨਿਯੁਕਤ ਕਰ ਕੇ ਰਿਪੋਰਟ ਮਹਾਰਾਜਾ ਸਾਹਿਬ ਨੂੰ ਦੇਣ ਦੀ ਹਦਾਇਤ ਕੀਤੀ ਗਈ ।

ਸਰਦਾਰ ਹੁਰਾਂ ਦੀ ਨਿਯੁਕਤੀ, ਇੰਨਕੁਆਇਰੀ ਅਫਸਰ ਸੁਣ ਕੇ ਭਾਈਚਾਰੇ ਦੇ ਸਾਰੇ ਬੰਦੇ ਮਹਾਰਾਜ ਸਾਹਿਬ ਕੋਲ ਗਏ ਅਤੇ ਕਹਿਣ ਲੱਗੇ ਕਿ ਉਸ ਨੇ ਨ ਕਿਸੇ ਦੀ ਸਿਫਾਰਸ਼ ਮੰਨਣੀ ਹੈ ਅਤੇ ਨਾ ਹੀ ਪੈਸਾ ਖਾਣਾ ਹੈ ਹਾਲਾਤ ਨੂੰ ਦੇਖ ਕੇ ਜੋ ਮਨ ਵਿਚ ਆਇਆ ਸੋ ਕਰਨਾ ਹੈ ਇਸ ਲਈ ਕਿਸੇ ਹੋਰ ਅਫਸਰ ਨੂੰ ਇਹ ਕੰਮ ਦੇਵੋ । ਅਖੀਰ ਮਹਾਰਾਜਾ ਸਾਹਿਬ ਨੇ ਇਕ ਅੰਗਰੇਜ਼ ਪੁਲਿਸ ਅਫਸਰ ਨੂੰ ਇੰਨਕੁਆਇਰੀ ਅਫਸਰ ਲਗਾਉਣਾ ਪਿਆ ।

❖❖❖

# ਰਜ਼ਾ ਵਿਚ ਰਾਜ਼ੀ

ਸੰਨ 196● ਦੇ ਆਸ ਪਾਸ ਕਾਫੀ ਦੇਰ ਪਿਛੋਂ ਮੈਂ ਸਰਦਾਰ ਸਾਹਿਬ ਦੇ ਦਰਸ਼ਨ ਕਰਨ ਗਿਆ । ਤਦੋਂ ਉਹ ਸਨੌਰ ਕਸਬੇ ਦੇ ਬਾਹਰ ਵਾਰ ਆਪਣੇ ਫਾਰਮ ਤੇ ਰਹਿੰਦੇ ਸਨ । ਸਾਧਾਰਨ ਜਿਹੇ ਦੋ ਚੁਬਾਰਿਆਂ ਵਿਚ ਰਿਹਾਇਸ਼ ਸੀ । ਇਕ ਚੁਬਾਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਸੀ । ਹੇਠ ਡੰਗਰ ਮਾਲ ਅਤੇ ਹੋਰ ਸਮਾਨ ਰੱਖਣ ਤੋਂ ਇਲਾਵਾ ਨੌਕਰਾਂ ਦੇ ਰਹਿਣ ਲਈ ਇੰਤਜ਼ਾਮ ਸੀ ।

ਪਟਿਆਲੇ ਵਾਲੀ ਆਪਣੇ ਸਮੇਂ ਦੀ ਸ਼ਾਨਦਾਰ ਕੋਠੀ ਦੇ ਮੁਕਾਬਲੇ ਇਹ ਇਕ ਮਾਮੂਲੀ ਜਿਹੀ ਰਿਹਾਇਸ਼ਗਾਹ ਸੀ ਪਰ ਮੈਂ ਉਨ੍ਹਾਂ ਨੂੰ ਇਥੇ ਭੀ ਉਨਾਂ ਹੀ ਪ੍ਰਸੰਨ ਚਿੱਤ ਦੇਖਿਆ ਜਿਨ੍ਹਾਂ ਉਹ ਪਟਿਆਲੇ ਵਾਲੀ ਕੋਠੀ ਵਿਚ ਹੁੰਦੇ ਸਨ ।

ਨਮਸ਼ਕਾਰ ਅਤੇ ਫ਼ਤਹਿ ਬੁਲਾ ਕੇ ਮੈਂ ਰਵਾਇਤੀ ਤੌਰ ਤੇ ਹਾਲਚਾਲ ਪੁਛਿਆ। ਜਰਨੈਲ ਸਾਹਿਬ ਚੁਪ ਹੀ ਰਹੇ ਪਰ ਭੂਆ ਜੀ ਕਹਿਣ ਲੱਗੇ ਕਾਕਾ ! ਸਾਡੀ ਤਾਂ ਕਿਸਮਤ ਹੀ ਖਰਾਬ ਹੈ, ਬੌਲਦ ਮਰ ਗਿਆ, ਬੋਰ ਖਰਾਬ ਹੋ ਗਿਆ ਮੀਂਹ ਪਿਆ ਨਹੀਂ ਫਸਲ ਦਾ ਭੀ ਅਜੇਹਾ ਹੀ ਹਾਲ ਹੈ ।

ਸਭ ਕੁਝ ਸੁਣ ਕੇ ਫੁਫੜ ਜੀ ਮੁਸਕਰਾਏ ਅਤੇ ਕਹਿਣ ਲੱਗੇ ਕਾਕਾ ! "ਇਹ ਪਾਗਲ ਹੋ ਗਈ" । ਮੈਂ ਉੱਤਰ ਦਿੱਤਾ ਕਿ ਤੁਸੀਂ ਕਹਿ ਸਕਦੇ ਹੋ ਪਰ ਮੈਂ ਕੁਝ ਨਹੀਂ ਕਹਿ ਸਕਦਾ । ਫਿਰ ਕਹਿਣ ਲੱਗੇ ਕਿ ਦੇਖ ਹਰ ਜੀਵ ਦੀ ਉਮਰ ਕਰਤਾਰ ਨੇ ਨੀਯਤ ਕੀਤੀ ਹੋਈ ਹੈ, ਜਿੰਨੀ ਉਮਰ ਬੌਲਦ ਦੀ ਸੀ ਉਨ੍ਹੀਂ ਉਸ ਨੇ ਭੋਗੀ ਹੈ ਅਤੇ ਜਿਨ੍ਹਾਂ ਉਸ ਦਾ ਸਾਡੇ ਨਾਲ ਸੰਬੰਧ ਸੀ ਉਨ੍ਹੀ ਸਾਡੀ ਸੇਵਾ ਕਰ ਕੇ ਉਹ ਮਰ ਗਿਆ । ਮਾਰਨਾ ਅਤੇ ਜੀਵਾਲਣਾ ਸਭ ਪਰਮੇਸ਼ਰ ਦੇ ਹੱਥ ਹੈ । ਜਿਸ ਦਿਨ ਮੇਰੀ ਉਮਰ ਪੁੱਗ ਗਈ ਮੈਂ ਪੀ ਮਰ ਜਾਵਾਂਗਾ ਅਤੇ ਇਹ ਭੀ ਮਰ ਜਾਵੇਗੀ ।

ਅੱਗੇ ਬੋਰ ਦੀ ਗੱਲ ਚੱਲੀ । ਉਹ ਕਹਿਣ ਲੱਗੇ ਕਿ ਐਸੀ ਕੋਈ ਮਸ਼ੀਨ ਸੰਸਾਰ ਵਿਚ ਨਹੀਂ ਬਣੀ ਜੋ ਖਰਾਬ ਨਾ ਹੋਵੇ। ਬੋਰ ਦਾ ਪੱਖਾ ਅਤੇ ਇੰਜਨ ਭੀ ਆਖਰ ਇਕ ਮਸ਼ੀਨ ਹੈ ਜੇ ਇਹ ਖਰਾਬ ਹੋ ਗਿਆ ਤਾਂ ਇਸ ਵਿਚ ਕਿਸਮਤ ਦਾ ਚੰਗੀ ਜਾਂ ਮਾੜੀ ਹੋਣ ਦੀ ਕੀ ਗੱਲ ਹੈ ? ਰਹੀ ਗੱਲ ਬਾਰਿਸ਼ ਦੀ, ਜੇ ਤਾਂ ਗੁਆਂਢੀ ਦੇ ਖੇਤ ਵਿਚ ਮੀਂਹ ਪੈ ਗਿਆ ਅਤੇ ਸਾਡੇ ਨਹੀਂ ਪਿਆ ਫਿਰ ਤਾਂ ਕਹਿ ਸਕਦੇ ਹਾਂ ਕਿ ਸਾਡੀ ਕਿਸਮਤ ਖਰਾਬ ਹੈ ਤੇ ਜੇ ਇਲਾਕੇ ਵਿਚ ਕਿਤੇ ਭੀ ਬਾਰਿਸ਼ ਨਹੀਂ ਪਈ ਇਸ ਵਿਚ ਸਾਡੀ ਕਿਸਮਤ ਦਾ ਕੀ ਕਸੂਰ ਹੈ ?

ਕਾਕਾ ਜੇ ਸੱਚ ਪੁੱਛੇ ਤਾਂ ਮੈਂ ਸਮਝਦਾ ਹਾਂ ਮੇਰੇ ਵਰਗਾ ਭਾਗਸ਼ਾਲੀ ਬੰਦਾ ਹੀ ਕੋਈ ਨਹੀਂ । ਚੱਲ ਮੈਂ ਤੈਨੂੰ ਦਿਖਾਵਾਂ, ਬਸ ਅੱਡੇ ਤੇ ਬੰਦਾ ਇਕ ਕੁਇੰਟਲ ਦੀ ਬੋਰੀ ਬੱਸ ਤੋਂ ਉਤਾਰਦਾ ਹੈ ਅਤੇ ਚੜ੍ਹਾਂਦਾ ਹੈ, ਦਿਹਾੜੀ ਵਿਚ ਕੀ ਖੱਟਦਾ ਹੈ ? ਮੁਸ਼ਕਿਲ ਨਾਲ ਚਾਰ ਜਾਂ ਹੱਦ ਪੰਜ ਰੁ: ਰੋਜ਼ ਦੇ । ਉਸ ਜ਼ਮਾਨੇ ਵਿਚ ਬੋਰੀ ਚੜ੍ਹਾਨ ਦੀ ਚਾਰ ਆਨੇ

ਮਜ਼ਦੂਰੀ ਸੀ । ਪਰ ਦੇਖ ਮੈਂ ਕੋਈ ਕੰਮ ਨਹੀਂ ਕਰਦਾ ਮਹੀਨੇ ਵਿਚ ਇਕ ਦਿਨ ਖਜ਼ਾਨੇ ਜਾ ਕੇ ਸਿਰਫ ਪੈਨਸ਼ਨ ਫਾਰਮ ਤੇ ਦਸਤਖ਼ਤ ਹੀ ਕਰਦਾ ਹਾਂ ਅਤੇ 550/- ਰੁ: ਜੇਬ ਵਿਚ ਪਾ ਲੈਂਦਾ ਹਾਂ ਇਸ ਤੋਂ ਅੱਛੀ ਮੇਰੀ ਕਿਸਮਤ ਕੀ ਹੋਵੇਗੀ ?

ਇਹ ਹੈ ਗੁਰੂ ਦੇ ਸਿਖ ਦੀ ਦੁਖ ਸੁਖ ਵਿਚ ਸਮਾਨ ਬਿਰਤੀ ਦੀ ਇਕ ਸਹੀ ਤਸਵੀਰ । ਸਾਰੀ ਵਾਰਤਾ ਪਿਛੋਂ ਮੈਨੂੰ ਭਾਈ ਗੁਰਦਾਸ ਜੀ ਦੀ ਹੇਠਲੀ ਪਉੜੀ ਚੇਤੇ ਆ ਗਈ ।

**ਗੁਰਮੁਖਿ ਹਉਮੈ ਪਰਹਰੈ ਮਨ ਭਾਵੈ ਖਸਮੈ ਦਾ ਭਾਣਾ ।**
**ਪੈਰੀ ਪੈ ਪਾਖਾਕ ਹੋਇ ਦਰਗਹ ਪਾਵੈ ਮਾਣੁ ਨਿਮਾਣਾ ।**
**ਵਰਤਮਾਨ ਵਿਚਿ ਵਰਤਦਾ ਹੋਣਹਾਰ ਸੋਈ ਪਰਵਾਣਾ ।**
**ਕਾਰਣੁ ਕਰਤਾ ਜੋ ਕਰੈ ਸਿਰਿ ਧਰਿ ਮੰਨ ਕਰੈ ਸੁਕਰਾਣਾ ।**
**ਰਾਜੀ ਹੋਇ ਰਜਾਇ ਵਿਚਿ ਦੁਨੀਆਂ ਅੰਦਰ ਜਿਉ ਮਹਿਮਾਣਾ ।**
**ਵਿਸਮਾਦੀ ਵਿਸਮਾਦ ਵਿਚਿ ਕੁਦਰਤਿ ਕਾਦਰ ਨੋ ਕੁਰਬਾਣਾ ।**
**ਲੇਪ ਅਲੇਪ ਸਦਾ ਨਿਰਬਾਣਾ ।** (**ਵਾਰ 18 ਪਉੜੀ 21**)

❖❖❖

# ਹੈਡਕੁਆਰਟਰ

ਇਕ ਦਿਨ ਮਿਲਣ ਗਿਆ, ਕਹਿਣ ਲੱਗੇ ਕਾਕਾ ਮੇਰੇ ਨਾਲ ਚੱਲ ਪੈਨਸ਼ਨ ਲੈ ਕੇ ਆਉਣੀ ਹੈ । ਉਨ੍ਹਾਂ ਦਿਨਾਂ ਵਿਚ ਖਜ਼ਾਨਾ ਦਫਤਰ ਕਿਲੇ ਵਿਚ ਹੁੰਦਾ ਸੀ, ਸ਼ੇਰਾਂ ਵਾਲਾ ਗੇਟ ਤੋਂ ਲੈ ਸਾਰਾ ਅਦਾਲਤ ਬਾਜ਼ਾਰ ਲੰਘ ਕੇ ਜਾਈਦਾ ਸੀ । ਅਸੀਂ ਕੋਠੀ ਤੋਂ ਕਾਰ ਵਿਚ ਬੈਠ ਕੇ ਕਿਲੇ ਪਹੁੰਚ ਗਏ । ਰਸਤੇ ਵਿਚ ਰੇੜ੍ਹੀਆਂ ਵਾਲੇ ਆਪਣੇ ਸਮਾਨ ਦਾ ਹੋਕਾ ਦੇ ਰਹੇ ਸੀ, ਕਿਤੇ ਲੜਕਾ ਲੰਬਾ ਪਾ ਕੇ ਮਿਸ਼ਮਰੇਜ਼ਮ ਵਾਲੇ ਜਮੂਰੇ ਦਾ ਤਮਾਸ਼ਾ ਹੋ ਰਿਹਾ ਸੀ । ਹਲਵਾਈ ਦੀਆਂ ਦੁਕਾਨਾਂ ਅਦਾਲਤ ਬਾਜ਼ਾਰ ਦੀਆਂ ਰੌਣਕਾਂ ਸਭ ਦੇਖੀਆਂ ।

ਪੈਨਸ਼ਨ ਲੈ ਕੇ ਵਾਪਿਸ ਅਸੀਂ ਕੋਠੀ ਪਹੁੰਚ ਗਏ । ਜਦ ਜਲ ਪਾਣੀ ਪੀਣ ਲੱਗੇ, ਕਹਿਣ ਲੱਗੇ ਕਾਕਾ ਕੁਝ ਸਮਝਿਆ? ਮੇਰੀ ਕੁਝ ਸਮਝ ਨਾ ਆਈ ਕੀ ਬੁਝਾਰਤ ਸੀ । ਮੈਂ ਭੇਦ ਪੁਛਿਆ ਤਾਂ ਕਹਿਣ ਲਗੇ, ਆਪਣਾ ਲਕਸ਼ ਪੈਨਸ਼ਨ ਲੈਣਾ ਸੀ ਸੋ ਆਪਾਂ ਘਰੋਂ ਮਨ ਵਿਚ ਧਾਰ ਕੇ ਤੁਰ ਪਏ । ਰਸਤੇ ਵਿਚ ਅਨੇਕਾਂ ਤਮਾਸ਼ੇ, ਹੋਕੇ ਦੇਣ ਵਾਲੇ ਸਾਮਾਨ ਵੇਚਣ ਵਾਲੇ ਅਤੇ ਤਰ੍ਹਾਂ ਤਰ੍ਹਾਂ ਦੇ ਸਮਾਨ ਦੀਆਂ ਦੁਕਾਨਾਂ ਸਨ । ਜੇ ਇਨ੍ਹਾਂ ਤਮਾਸ਼ਿਆਂ ਨੂੰ ਦੇਖਣ ਲੱਗ ਜਾਂਦੇ ਜਾਂ ਦੁਕਾਨਾਂ ਵਿਚ ਵੜ ਜਾਂਦੇ ਅਤੇ ਲਕਸ਼ ਭੁੱਲ ਜਾਂਦੇ ਦਫਤਰ ਬੰਦ ਹੋ ਜਾਣਾ ਸੀ ਤਾਂ ਪੈਨਸ਼ਨ ਕਿਥੋਂ ਮਿਲਦੀ ?

ਜੇ ਵਾਪਿਸੀ ਤੇ ਪੈਨਸ਼ਨ ਲੈ ਖਾਣ ਪੀਣ ਵਿਚ ਮਸਤ ਹੋ ਜਾਂਦੇ ਜਾਂ ਹੋਰ ਸਾਮਾਨ ਲੈਣ ਵਿਚ ਫੱਸ ਕੇ ਆਪਣਾ ਹੈਡ ਕੁਆਟਰ (ਘਰ) ਭੁਲ ਜਾਂਦੇ ਫਿਰ ਕੀ ਹੁੰਦਾ ? ਦੋਨਾਂ ਹਾਲਤਾਂ ਵਿਚ ਖੁਆਰੀ ਸੀ । ਇਸ ਲਈ ਇਹ ਸਾਰਾ ਸੰਸਾਰ ਹੀ ਇਕ ਤਮਾਸ਼ਾ ਹੈ, ਅਸੀਂ ਇਥੇ ਖਾਸ ਮਕਸਦ ਲਈ ਆਏ ਹਾਂ ਜਿਸ ਨੂੰ ਗੁਰਬਾਣੀ ਚੇਤੇ ਕਰਾਂਦੀ ਹੈ ।

**ਪ੍ਰਾਣੀ ਤੂੰ ਆਇਆ ਲਾਹਾ ਲੈਣਿ ॥**
**ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ ॥ ਅੰਗ 43 ॥**

**ਭਈ ਪਰਾਪਤਿ ਮਾਨੁਖ ਦੇਹੁਰੀਆ ॥**
**ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥**
**ਅਵਰਿ ਕਾਜ ਤੇਰੈ ਕਿਤੈ ਨਾ ਕਾਮ ॥**
**ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ ॥ ਅੰਗ 12 ॥**

ਇਸ ਲਈ ਜੇਹੜੇ ਬੰਦੇ ਸੰਸਾਰ ਦੇ ਰੰਗ ਤਮਾਸ਼ਿਆਂ ਵਿਚ ਖਚਤ ਹੋ ਕੇ ਆਪਣਾ ਲਕਸ਼ ਭੁੱਲ ਗਏ ਸਭ ਖੁਆਰ ਹੋਣਗੇ ਅਤੇ ਜਿਹੜੇ ਬੰਦੇ ਲਕਸ਼ ਪ੍ਰਾਪਤੀ ਲਈ ਤੁਰੇ, ਕੁਝ ਪ੍ਰਾਪਤ ਹੋਇਆ ਉਥੇ ਹੀ ਅਟਕ ਗਏ ਗੁਰੂ ਤੇ ਪਰਮੇਸ਼ਰ ਨੂੰ ਭੁਲ ਗਏ ਉਹ ਭੀ ਖੁਆਰ ਹੋਣਗੇ ।

# ਵਿਹਲ ਨਹੀਂ

ਮੈਂ ਜਦ ਸਕੂਲ ਵਿਚ ਪੜ੍ਹਦਾ ਸੀ ਇਕ ਦਿਨ ਮਿਲਣ ਗਿਆ । ਗੱਲਾਂ ਕਰਦੇ ਕਰਦੇ ਪੁੱਛਣ ਲੱਗੇ ਕਿ ਪਾਠ ਕਰਦਾ ਅਤੇ ਨਾਮ ਜਪਦਾ ਹੁੰਦਾ ਹੈਂ ? ਮੈਂ ਉੱਤਰ ਦਿੱਤਾ ਕਿ ਦਿਨ ਸਕੂਲ ਗੁਜ਼ਰ ਜਾਂਦਾ ਹੈ ਘਰ ਆ ਕੇ ਸਕੂਲ ਦਾ ਕੰਮ ਕਰਨਾ ਹੁੰਦਾ ਹੈ, ਇਸ ਲਈ ਵਿਹਲ ਹੀ ਨਹੀਂ, ਸਵੇਰੇ ਕੇਵਲ ਜਪੁਜੀ ਸਾਹਿਬ ਦਾ ਪਾਠ ਕਰਦਾ ਹਾਂ ।

ਕਹਿਣ ਲੱਗੇ ਵਿਹਲ ਤਾਂ ਬਹੁਤ ਹੈ ਪਰ ਸਕਾਰਥ ਕਰਨ ਦੀ ਸੋਝੀ ਨਹੀਂ ਹੈ। ਜਦ ਸਾਈਕਲ 'ਤੇ ਸਕੂਲ ਜਾਂਦਾ ਹੈਂ, ਉਦੋਂ ਕੀ ਕਰਦਾ ਹੁੰਦਾ ਹੈਂ ? ਨਾ ਗੀਤ ਗਾਇਆ ਕਰ, ਵਾਹਿਗੁਰੂ ਵਾਹਿਗੁਰੂ ਕਰ ਲਿਆ ਕਰ । ਇਸੇ ਤਰ੍ਹਾਂ ਜਦ ਬਾਜ਼ਾਰ ਜਾਇਆ ਕਰਦਾ ਹੈਂ ਉਸ ਵੇਲੇ ਭੀ ਵਿਹਲਾ ਹੀ ਹੁੰਦਾ ਹੈਂ ਕੋਈ ਸ਼ਬਦ ਜਾਂ ਮੂਲ ਮੰਤ੍ਰ ਦਾ ਪਾਠ ਕਰਿਆ ਕਰ ਜਾਂ ਵਾਹਿਗੁਰੂ ਵਾਹਿਗੁਰੂ ਕਰਿਆ ਕਰ । ਸਾਡੇ ਕੋਲ ਬਹੁਤ ਘੱਟ ਸਮਾਂ ਹੈ ਜਦ ਅਸੀਂ ਮਨ ਨਾਲ ਕੋਈ ਕੰਮ ਕਰਦੇ ਹਾਂ ਨਹੀਂ ਤਾਂ ਸਾਡਾ ਮਨ ਵਿਹਲਾ ਹੀ ਹੁੰਦਾ ਹੈ । ਇਸ ਲਈ "ਹੱਥ ਕਾਰ ਵੱਲ ਅਤੇ ਚਿੱਤ ਯਾਰ ਵੱਲ" ਵਾਲਾ ਕੰਮ ਕਰ ।

ਮੈਨੂੰ ਨਹੀਂ ਪਤਾ ਕਿ ਉਨ੍ਹਾਂ ਦੇ ਬੋਲ ਦੀ ਕੀ ਤਾਸੀਰ ਸੀ ਕਿਉਂਕਿ ਇਹ ਮੇਰੇ ਕੋਲੋਂ ਆਪੇ ਆਪ ਹੋਣ ਲੱਗ ਪਿਆ ਅਤੇ ਰਸ ਭੀ ਆਉਣ ਲੱਗ ਪਿਆ । ਫਿਰ ਇਕ ਦਿਨ ਮੈਂ ਕਹਿਆ ਕਿ ਬਾਣੀ ਦੇ ਅਰਥ ਤਾਂ ਸਮਝ ਨਹੀਂ ਆਉਂਦੇ ਪਾਠ ਕਰਨ ਦਾ ਕੀ ਫਾਇਦਾ ਹੈ ? ਜੁਆਬ ਵਿਚ ਕਹਿਣ ਲੱਗੇ ਤੈਂ ਡੇਰੇ ਦਾ ਮਹੰਤ ਜਾਂ ਕਥਾ ਵਾਚਕ ਬਣਨਾ ਹੈ ? ਤੂੰ ਸਿਖ ਹੈਂ ਸਿਖ ਬਣ ਕੇ ਰਹਿ ਅਗਲੀ ਗੱਲ ਗੁਰੂ 'ਤੇ ਛੱਡ ਦੇ ।

ਫਿਰ ਇਕ ਦਿਨ ਕਹਿਣ ਲੱਗੇ ਗੁਰੂ ਗ੍ਰੰਥ ਸਾਹਿਬ ਮਹਾਰਾਜ ਨੂੰ ਹਰ ਰੋਜ਼ ਮੱਥਾ ਟੇਕਿਆ ਕਰ, ਇਸ ਦਾ ਬਹੁਤ ਲਾਭ ਹੈ। ਸਾਰੀ ਗੱਲ ਸਮਝਾਉਣ ਲਈ ਗੁਰੂ ਹਰਿਗੋਬਿੰਦ ਸਾਹਿਬ ਮਹਾਰਾਜ ਦੀ ਸਾਖੀ ਸੁਣਾਈ । ਜੋ ਇਸ ਤਰ੍ਹਾਂ ਸੀ : ਇਕ ਵਾਰ ਇਕ ਮੁਸਲਮਾਨ ਮੌਲਵੀ ਨੇ ਮਹਾਰਾਜ ਨੂੰ ਪੁੱਛਿਆ ਕਿ ਪੀਰ ਫਕੀਰਾਂ ਨੂੰ ਮੱਥਾ ਟੇਕਣ ਦਾ ਕੀ ਫਾਇਦਾ ਹੈ ? ਗੁਰੂ ਸਾਹਿਬ ਨੇ ਸੇਵਕ ਨੂੰ ਕਿਹਾ ਕਿ ਸਾਡੀ ਮੁਹਰ ਲੈ ਕੇ ਆਵੋ । ਮਹਾਰਾਜ ਨੇ ਉਹ ਮੁਹਰ ਲੈ ਕੇ ਮੌਲਵੀ ਨੂੰ ਅੱਖਰ ਪੜ੍ਹਨ ਲਈ ਕਿਹਾ । ਮੌਲਵੀ ਕਹਿਣ ਲੱਗਾ ਕਿ ਅੱਖਰ ਪੁੱਠੇ ਹੋਣ ਕਰਕੇ ਪੜ੍ਹ ਨਹੀਂ ਸਕਦਾ । ਗੁਰੂ ਮਹਾਰਾਜ ਨੇ ਉਹ ਮੁਹਰ ਕਾਗਜ਼ ਤੇ ਲਗਾ ਦਿੱਤੀ ਅਤੇ ਫਿਰ ਮੌਲਵੀ ਨੇ ਝਟਪਟ ਪੜ੍ਹ ਦਿੱਤੇ । ਗੁਰੂ ਸਾਹਿਬ ਨੇ ਉਪਦੇਸ਼ ਦਿੱਤਾ ਕਿ ਜਿਸ ਤਰ੍ਹਾਂ ਮੁਹਰ ਦੇ ਅਖਰ ਕਾਗਜ਼ ਤੇ ਲੱਗ ਕੇ ਸਿੱਧ ਹੋ ਗਏ ਇਸੇ ਤਰ੍ਹਾਂ ਮੱਥਾ ਟੇਕਣ ਨਾਲ ਮੱਥੇ ਦੇ ਲੇਖ ਭੀ ਸਿੱਧੇ ਹੋ ਜਾਂਦੇ ਹਨ ।

**ਫਿਰ ਕਹਿਣ ਲੱਗੇ "ਇਸ ਨੂੰ ਕੋਈ ਕਹਾਣੀ ਨ ਸਮਝੀਂ ਇਹ ਮੇਰੀ ਹੱਡ ਬੀਤੀ ਗੱਲ ਹੈ। ਪਿਛਲੇ ਸਾਲ ਗਰਮੀਆਂ ਵਿਚ ਮੈਂ ਸਪਾਟੂ (ਸ਼ਿਮਲੇ ਨੇੜੇ) ਚਲਾ ਗਿਆ । ਮੌਸਮ ਸੁਹਾਵਣਾ ਸੀ ਸ਼ਾਮ ਨੂੰ ਮੈਂ ਸੈਰ ਕਰਨ ਚਲਾ ਗਿਆ ਅਤੇ ਵਾਪਸੀ 'ਤੇ "ਸੋਦਰੁ" ਦਾ ਪਾਠ ਸ਼ੁਰੂ ਕਰ ਦਿੱਤਾ । ਘਰ ਆ ਕੇ ਮੈਂ ਜਦ ਅਰਦਾਸ ਕਰ ਕੇ ਮੱਥਾ ਟੇਕਿਆ ਤਾਂ ਮੈਂ ਦੇਖਿਆ ਕਿ ਮੱਥੇ ਦੀ ਲਿਖਤ (ਜੋ ਕੁਦਰਤ ਵਲੋਂ ਮੱਥੇ ਤੇ ਉੱਕਰੇ ਹੁੰਦੇ ਹਨ) ਹੂ-ਬ-ਹੂ ਰੁਮਾਲੇ ਤੇ ਛਪੇ ਹੋਇ ਸਨ"।**

❖❖❖

# ਖਬਰਦਾਰ ! ਖਬਰਦਾਰ !

ਮੈਂ ਉਦੋਂ ਅੱਠਵੀਂ ਵਿਚ ਪੜ੍ਹਦਾ ਸੀ ਅਤੇ ਅਸੀਂ ਸਰਹੰਦੀ ਗੇਟ ਪਟਿਆਲੇ ਰਹਿੰਦੇ ਸੀ । ਇਕ ਦਿਨ ਮੈਂ ਸ਼ਾਮ ਨੂੰ ਗੁਰਦੁਆਰਾ ਦੁਖਨਿਵਾਰਨ ਸਾਹਿਬ ਦਰਸ਼ਨ ਕਰਨ ਚਲਾ ਗਿਆ । ਉਸ ਸਮੇਂ ਪੰਜਾਬੀ ਸੂਬੇ ਦਾ ਮੋਰਚਾ ਲੱਗਾ ਹੋਇਆ ਸੀ ਅਤੇ ਗਰਮ ਗਰਮ ਸਪੀਚਾਂ ਹੋ ਰਹੀਆਂ ਸਨ । ਭਰ ਜੁਆਨੀ ਵਿਚ ਸ. ਸੁਰਜੀਤ ਸਿੰਘ ਥੇੜ੍ਹੀ ਨੇ ਕੇਂਦਰ ਸਰਕਾਰ ਦੀਆਂ ਸਿੱਖਮਾਰੂ ਨੀਤੀਆਂ ਬਿਆਨ ਕੀਤੀਆਂ । ਇਸੇ ਤਰ੍ਹਾਂ ਪਟਿਆਲੇ ਦਾ ਇਕ ਨੌ ਜੁਆਨ ਸਲਵਾਰ, ਕੁੜਤੇ ਅਤੇ ਨੀਲੀ ਪੱਗ ਵਾਲੇ ਨੇ (ਪਿੱਛੋਂ ਜਾ ਕੇ ਵਜ਼ੀਰ ਭੀ ਰਿਹਾ) ਬੜੇ ਜੋਸ਼ੀਲੇ ਅੰਦਾਜ਼ ਵਿਚ ਪੰਜਾਬੀ ਸੂਬੇ ਦੇ ਮੋਰਚੇ ਬਾਰੇ ਚਾਨਣ ਪਾਇਆ ।

ਇਕ ਦਿਨ ਮੈਂ ਜਰਨੈਲ ਸਾਹਿਬ ਦੀ ਕੋਠੀ ਮਿਲਣ ਗਿਆ ਅਤੇ ਸਾਰੀ ਗੱਲ ਦੱਸੀ ਨਾਲ ਹੀ ਬੇਨਤੀ ਕੀਤੀ ਕਿ ਤੁਸੀਂ ਹਰ ਪੱਖੋਂ ਸਿਆਣੇ ਹੋ ਅਤੇ ਸਿਖੀ ਸਪਿਰਟ ਭੀ ਰਖਦੇ ਹੋ ਤੁਹਾਨੂੰ ਇਸ ਸਮੇਂ ਪੰਥ ਦੀ ਸੇਵਾ ਕਰਨੀ ਚਾਹੀਦੀ ਹੈ ।

ਸਾਰੀ ਗੱਲ ਸੁਣ ਕੇ ਉਨ੍ਹਾਂ ਦਸਤਾਰ ਉਤਾਰ ਕੇ ਮੇਜ਼ 'ਤੇ ਰੱਖ ਦਿੱਤੀ ਅਤੇ ਪੁੱਛਿਆ ਕਿ ਦੇਖ ਮੇਰੇ ਸਿਰ ਤੇ ਕੋਈ ਕੇਸ ਹੈ ? ਪੂਰਾ ਸਿਰ ਗੰਜਾ ਦੇਖ ਕੇ ਮੈਂ ਕਿਹਾ ਕਿ ਕੋਈ ਨਹੀਂ । ਫਿਰ ਉਹ ਕਹਿਣ ਲੱਗੇ ਕਿ ਮੈਂ ਇਹ ਵਾਲ ਕੰਧ ਨਾਲ ਸਿਰ ਘਸਾ ਕੇ ਨਹੀਂ ਉਤਾਰੇ ਬਲਕਿ ਉਮਰ ਭੋਗ ਕੇ ਇਹ ਉੱਤਰੇ ਹਨ । ਤੂੰ ਅਜੇ ਬੱਚਾ ਹੈਂ ਤੈਨੂੰ ਅਸਲੀਅਤ ਦਾ ਪਤਾ ਨਹੀਂ । ਇਸ ਲਈ ਖਬਰਦਾਰ ਜੇ ਇਨ੍ਹਾਂ ਗੱਲਾਂ ਵਿਚ ਪਵੇਂ । ਨਾਲ ਹੀ ਕਿਹਾ ਕਿ ਮਾਸਟਰ (ਮਾਸਟਰ ਤਾਰਾ ਸਿੰਘ) ਜੋ ਮਰਜ਼ੀ ਕਰੇ ਕਦੇ ਕਾਮਯਾਬ ਨਹੀਂ ਹੋਵੇਗਾ ।

ਮੈਂ ਹੈਰਾਨ ਹੋ ਕੇ ਕਾਰਨ ਪੁੱਛਿਆ, ਉੱਤਰ ਵਿਚ ਉਨ੍ਹਾਂ ਕਿਹਾ ਕਿ ਜਿਸ ਨੂੰ ਇਹ ਵਿਸ਼ਵਾਸ ਪਾਤਰ ਮੰਨਦਾ ਹੈ ਉਹ ਸਰਕਾਰੀ ਪੇਡ ਬੰਦਾ ਹੈ । ਇਸੇ ਲਈ ਮੈਂ ਇਨ੍ਹਾਂ ਨਾਲ ਸ਼ਾਮਿਲ ਨਹੀਂ ਹੁੰਦਾ ਕਿਉਂਕਿ ਜਿੰਨੇ ਵੀ ਇਸ ਦੇ ਇਰਦ ਗਿਰਦ ਫਿਰਦੇ ਹਨ, ਜਦ ਮੈਂ ਐਸ.ਪੀ. ਸੀ.ਆਈ.ਡੀ. ਸੀ ਮੇਰੇ ਕੋਲੋਂ ਪੈਸੇ ਲੈਂਦੇ ਰਹੇ ਹਨ। ਜੇ ਮੈਂ ਇਨ੍ਹਾਂ ਨਾਲ ਮਿਲਦਾ ਹਾਂ ਤਾਂ ਮੇਰੀ ਉਮਰ ਇਕ ਦੋ ਸਾਲ ਤੋਂ ਜ਼ਿਆਦਾ ਨਹੀਂ ਹੋਵੇਗੀ । ਜਾਂ ਸਰਕਾਰ ਮਰਵਾ ਦੇਵੇਗੀ ਜਾਂ ਇਹ ਖ਼ੁਦ ਮਰਵਾ ਦੇਣਗੇ ਕਿਉਂਕਿ ਇਨ੍ਹਾਂ ਨਾਲ ਇਨ੍ਹਾਂ ਵਰਗਾ ਬਣ ਕੇ ਹੀ ਗੁਜ਼ਾਰਾ ਹੈ । ਫਿਰ ਕਹਿਣ ਲੱਗੇ, ਕਾਕਾ ! ਇਹ ਜੋ ਨੀਲੀਆਂ ਪੱਗਾਂ ਵਾਲਿਆਂ ਨੂੰ ਸਿੱਖ ਸਮਝ ਰਿਹਾ ਹੈਂ, ਸਿੱਖੀ ਇਨ੍ਹਾਂ ਦੇ ਨੇੜੇ ਨਹੀਂ ਗੁਜ਼ਰੀ । ਸਭ ਬੇਈਮਾਨ ਅਤੇ ਬੇਇਤਬਾਰੇ ਹਨ । ਇਨ੍ਹਾਂ ਨੇ ਆਪਣੀ ਪੱਗ ਲਾਹ ਕੇ ਕੱਛ ਵਿਚ ਰੱਖੀ ਹੋਈ ਹੈ ਦੂਸਰੇ ਦੀ ਲਾਹੁਣ ਨੂੰ ਇਕ ਮਿੰਟ ਲਾਉਂਦੇ ਹਨ ।

ਮੈਂ ਸਭ ਗੱਲਾਂ ਚੁਪ ਕਰ ਕੇ ਸੁਣੀ ਗਿਆ ਅਤੇ ਮਨ ਵਿਚ ਆਇਆ ਬਜ਼ੁਰਗ ਆਪਣੀ ਪੈਨਸ਼ਨ ਬਚਾਉਣ ਲਈ ਇਹ ਸਭ ਗੱਲਾਂ ਕਰ ਰਿਹਾ ਹੈ । ਅਗਲੇ ਦਿਨ ਮੈਂ ਫਿਰ ਦੋਬਾਰਾ ਦੂਖਨਿਵਾਰਨ ਸਾਹਿਬ ਸ਼ਾਮ ਨੂੰ ਗਿਆ ਦੀਵਾਨ ਦੀ ਸਮਾਪਤੀ ਪਿੱਛੋਂ ਮੈਂ ਰਾਤ ਉਥੇ ਗੁਜ਼ਾਰਨ ਦੀ ਠਾਣ ਲਈ । ਵਿਹਲੇ ਵੇਲੇ ਜਦ ਮੈਂ ਨੀਲੀਆਂ ਪੱਗਾਂ ਵਾਲੇ ਜਥੇਦਾਰਾਂ ਦੀਆਂ ਗੱਲਾਂ ਸੁਣੀਆਂ ਤਾਂ ਅਸਲੀਅਤ ਕਾਫੀ ਕੁਝ ਸਾਹਮਣੇ ਆ ਗਈ । ਫਿਰ ਜਦ ਉਨ੍ਹਾਂ ਦੇ ਆਪਸੀ ਮਖੌਲ ਵਾਲੀ ਸ਼ਬਦਾਵਲੀ ਸੁਣੀ, ਐਸੇ ਕੋਝੇ ਮਜ਼ਾਕ, ਜੋ ਬੰਦਾ ਘਰ ਵਿਚ ਨਹੀਂ ਕਰ ਸਕਦਾ ਪਰ ਉਹ ਗੁਰਦੁਆਰੇ ਅੰਦਰ ਕਰ ਰਹੇ ਸੀ ਤਾਂ ਜਰਨੈਲ ਸਾਹਿਬ ਦਾ ਅੱਖਰ ਅੱਖਰ ਸੱਚ ਨਜ਼ਰ ਆਇਆ ।

ਉਸ ਵੇਲੇ ਦੇਸ਼ ਵਿਚ ਕਾਂਗਰਸ ਅਤੇ ਜਨ ਸੰਘ (ਬੀ.ਜੇ.ਪੀ.) ਦੋ ਹੀ ਵੱਡੀਆਂ ਪਾਰਟੀਆਂ ਸਨ । ਜਿਨ੍ਹਾਂ ਵਿਚੋਂ ਜਨ ਸੰਘ ਨੂੰ ਖੁਲ੍ਹੀ ਬਿਆਨ ਬਾਜ਼ੀ ਕਰਨ ਲਈ ਆਮ ਤੌਰ ਤੇ ਪੰਥ ਵਿਰੋਧੀ ਪਾਰਟੀ ਮੰਨਦੇ ਸਨ ਅਤੇ ਕਾਂਗਰਸ ਨੂੰ ਧਰਮ ਨਿਰਪੱਖਤਾ ਦਾ ਬੁਰਕਾ ਪੰਡਿਤ ਜਵਾਹਰ ਲਾਲ ਨਹਿਰੂ ਨੇ ਪੁਆਇਆ ਹੋਇਆ ਸੀ । ਪਰ ਜਰਨੈਲ ਸਾਹਿਬ ਦੀਆਂ ਨਜ਼ਰਾਂ ਵਿਚ ਸਿੱਖਾਂ ਲਈ ਜਨ ਸੰਘ ਅਤੇ ਕਾਂਗਰਸ ਇਕੋ ਸਿੱਕੇ ਦੇ ਦੋ ਪਹਿਲੂ ਸਨ । ਇਸ ਲਈ ਪੰਜਾਬੀ ਸੂਬਾ ਐਜੀਟੇਸ਼ਨ ਬਾਰੇ ਕਹਿਣ ਲੱਗੇ ਕਿ ਜੇ ਇਹ ਸ਼ਾਂਤਮਈ ਰਿਹਾ ਤਾਂ ਖੈਰ ਸੁਖ ਹੈ ਪਰ ਜੇ ਇਹ ਹਿੰਸਕ ਰੂਪ ਧਾਰ ਗਿਆ ਤਾਂ ਸਿੱਖਾਂ ਦੀ ਕਤਲੇਆਮ ਹੋਵੇਗੀ । ਜੋ ਕਿ ਤੀਹ ਸਾਲ ਪਿਛੋਂ ਸੱਚ ਸਾਬਤ ਹੋਈ । ਇੰਦਰਾ ਗਾਂਧੀ ਦੇ ਕਤਲ ਹੋਣ ਬਾਰੇ ਪੁੱਛਣ ਤੇ ਕਹਿਣ ਲੱਗੇ ਕਾਕਾ ! ਇਹ ਬੇਅੰਤ ਸਿੰਘ ਨੇ ਨਹੀਂ ਮਾਰੀ ਬਲਕਿ ਬੇਅੰਤ (ਪ੍ਰਭੂ) ਨੇ ਇਸ ਦੇ ਕੀਤੇ ਦਾ ਫਲ ਦਿੱਤਾ ਹੈ ।

1984 ਤੋਂ ਲੈ ਕੇ ਵੀਹ ਸਾਲ ਦੀਆਂ ਘਟਨਾਵਾਂ ਦਾ ਵਿਸ਼ਲੇਸ਼ਣ ਕਰਨ ਪਿੱਛੋਂ ਜਰਨੈਲ ਸਾਹਿਬ ਦੀਆਂ ਭਵਿਸ਼ ਬਾਣੀ ਵਾਲੀਆਂ ਗੱਲ ਸਹੀ ਸਿੱਧ ਹੋ ਰਹੀਆਂ ਹਨ ਅਤੇ ਅੱਜ ਵੀ ਮੇਰੇ ਕੰਨਾਂ ਵਿਚ ਉਹ ਬੋਲ ਗੂੰਜ ਰਹੇ ਹਨ, "ਖਬਰਦਾਰ ! ਜੇ ਇਨ੍ਹਾਂ ਗੱਲਾਂ ਵਿਚ ਆਇਆ । ਬਸ ! ਰਾਮ ਨਾਮ ਜਪੋ ਅਤੇ ਲੰਗਰ ਪਾਣੀ ਛਕੋ" ।

❖❖❖

# ਸਿਖੀ ਸਿਦਕ

ਜਬਰੀ ਰਿਟਾਇਰਮੈਂਟ ਪਿਛੋਂ ਜਦ ਕੇਸ ਜਿੱਤ ਕੇ ਬਹਾਲ ਹੋਏ ਤਾਂ ਇਕ ਦਿਨ ਅਜੇ ਰਿਟਾਇਰਮੈਂਟ ਦਾ ਰਹਿੰਦਾ ਸੀ । ਇਸ ਲਈ ਇਕ ਦਿਨ ਦਫਤਰ ਦੀ ਡਿਊਟੀ ਕਰਕੇ ਅਗਲੇ ਦਿਨ ਰਿਟਾਇਰ ਹੋ ਗਏ । ਪਿਛਲੇ ਸਾਰੇ

ਸਮੇਂ ਦੀ ਤਨਖਾਹ ਇਕੱਠੀ ਮਿਲੀ, ਇਸ ਲਈ ਉਸ ਸਮੇਂ ਦੇ ਲਿਹਾਜ਼ ਨਾਲ ਕਾਫੀ ਮੋਟੀ ਰਕਮ ਸਰਦਾਰ ਸਾਹਿਬ ਨੂੰ ਮਿਲੀ ।

ਅਖੌਤੀ ਗੁਰੂਆਂ ਦੇ ਚੇਲੇ ਭੀ ਚਕਰ ਮਾਰਨ ਲੱਗ ਪਏ । ਲੋਕਲ ਸੰਤਾਂ ਦੇ ਸੇਵਕਾਂ ਤੋਂ ਇਲਾਵਾ ਨਿਰੰਕਾਰੀ, ਰਾਧਾ ਸੁਆਮੀ ਅਤੇ ਹੋਰ ਕਈ ਆਏ ਅਤੇ ਗਈ ਗਏ । ਜੋ ਭੀ ਆਵੇ ਸਭ ਨੂੰ ਮੋਟੇ ਮੋਟੇ ਤਿੰਨ ਚਾਰ ਸੁਆਲ ਜਰਨੈਲ ਸਾਹਿਬ ਨੇ ਕਰਨੇ।

ਸੁਆਲ : ਤੁਹਾਡਾ ਬਾਬਾ/ਗੁਰੂ ਮੈਨੂੰ ਕੀ ਦੇਵੇਗਾ ?

ਉੱਤਰ : ਬਾਬਾ ਜੀ ਗਿਆਨ ਦੇਣਗੇ ।

ਸੁਆਲ : ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਤੋਂ ਵੱਡਾ ਗਿਆਨ ਦੇਣਗੇ ?

ਉੱਤਰ : ਜੀ ਨਹੀਂ ।

ਸੁਆਲ : ਹੋਰ ਕੀ ਦੇਣਗੇ ?

ਉੱਤਰ : ਨਾਮ ਦਾਨ ਦੇਣਗੇ ।

ਸੁਆਲ : ਮੈਂ ਖੰਡਾ ਪਾਹੁਲ ਛੱਕ ਕੇ ਪੰਜਾਂ ਪਿਆਰਿਆਂ ਕੋਲੋਂ ਨਾਮਦਾਨ ਲਿੱਤਾ ਹੋਇਆ ਹੈ । ਇਸ ਤੋਂ ਵੱਡਾ ਕੋਈ ਨਾਮ ਹੈ ?

ਉੱਤਰ : ਜਿਉਂਦਾ ਗੁਰੂ ਮਾਰਗ ਦਰਸ਼ਕ ਬਣ ਕੇ ਕੰਮ ਕਰਦਾ ਹੈ ।

ਸੁਆਲ : ਕੀ ਗੁਰੂ ਨਾਨਕ ਦੇਵ ਜੀ ਮਹਾਰਾਜ ਅਤੇ ਹੋਰ ਗੁਰੂ ਸਾਹਿਬ ਮਰ ਗਏ ? ਕੀ ਤੁਹਾਡਾ ਜੀਵਤ ਗੁਰੂ ਨਹੀਂ ਮਰੇਗਾ ? ਅਤੇ ਜੋ ਉਹ ਭੀ ਮਰ ਗਿਆ ਫਿਰ ਕਿਥੇ ਜਾਵਾਂਗੇ ? ਇਸ ਲਈ ਸਦੀਵ ਕਾਲ ਰਹਿਣ ਵਾਲੇ ਬਾਣੀ ਰੂਪ ਗੁਰੂ ਨੂੰ ਛੱਡ ਕੇ ਕਿਥੇ ਦਰ ਦਰ ਦੇ ਧੱਕੇ ਖਾਈਏ ?

ਜੇ ਮੈਂ ਆਪਣਿਆਂ ਗੋਡਿਆਂ ਨਾਲ ਤੁਰ ਕੇ ਜਾਣਾ ਹੈ ਫਿਰ ਤੁਰ ਹੀ ਰਹੇ ਹਾਂ ਤੁਹਾਡੇ ਗੁਰੂ ਦੀ ਕੀ ਲੋੜ ਹੈ ? ਅਤੇ ਜੇ ਕੁਝ ਤੁਹਾਡੇ ਬਾਬਾ ਜੀ ਕੋਲ ਹੈ ਤਾਂ ਲਿਆਓ ਸਭ ਕੁਝ ਤੁਹਾਡੇ ਲਈ ਹੀ ਹੈ । ਕੱਚੇ ਬੇਰਾਂ ਵਾਂਗ ਸਭ ਝੜ ਗਏ । ਜਦ ਕਿ ਇਨ੍ਹਾਂ ਦਾ ਆਪਣਾ ਸਕਾ ਭਤੀਜਾ ਸ. ਹਰਦੇਵ ਸਿੰਘ ਛੀਨਾ ਰਿ. ਚੀਫ ਸੈਕਟਰ ਨਕਲੀ ਬਾਬਿਆਂ ਦੇ ਚੁੰਗਲ ਵਿਚ ਫਸ ਗਿਆ ਸੀ ।

❖❖❖

# ਮੇਰਾ ਬਾਬਾ ਮੇਰੇ ਘਰ ਹੀ ਹੈ

ਸੰਨ 1955 ਦੀਆਂ ਸਰਦੀਆਂ ਦੀ ਰੁੱਤ ਵਿਚ ਪਟਿਆਲੇ ਦੇ ਲੀਲਾ ਭਵਨ ਕੋਲ, ਜਿਥੇ ਅੱਜ ਕੱਲ੍ਹ 'ਗੋਪਾਲ ਸਵੀਟ ਹਾਊਸ' ਹੈ, ਕਈ ਦਿਨ ਦੀਵਾਨ ਸਜਦੇ ਰਹੇ ਅਤੇ ਸੰਤ ਈਸ਼ਰ ਸਿੰਘ ਜੀ ਰਾੜੇ ਵਾਲੇ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕਰਦੇ ਰਹੇ । ਸੰਤ ਜੀ ਦੀ ਮਿੱਠੀ ਸੁਰੀਲੀ ਆਵਾਜ਼ ਅਤੇ ਉਨ੍ਹਾਂ ਦਾ ਸਿੱਧੀਆਂ ਧਾਰਨਾ ਨਾਲ ਕੀਰਤਨ ਕਰਨ ਦਾ ਢੰਗ ਬੜਾ ਪ੍ਰਭਾਵਸ਼ਾਲੀ ਸੀ । ਜਿਸ ਨਾਲ ਕੀ ਹਿੰਦੂ, ਕੀ ਸਿੱਖ ਸਭ ਬੜੇ ਪਿਆਰ ਨਾਲ ਸੁਣਦੇ ਅਤੇ ਕਾਫ਼ੀ ਵੱਡਾ ਪੰਡਾਲ ਖਚਾਖਚ ਭਰ ਜਾਂਦਾ ।

ਸੰਤ ਜੀ ਪਹਿਲਾਂ ਕੋਈ ਧਾਰਨਾ ਲਾਉਂਦੇ, ਜਿਸ ਸ਼ਬਦ ਦੇ ਆਧਾਰ 'ਤੇ ਧਾਰਨਾ ਲਾਉਂਦੇ, ਪੂਰਾ ਸ਼ਬਦ ਪੜ੍ਹਦੇ । ਫਿਰ ਸ਼ਬਦ ਦੀ ਵਿਆਖਿਆ ਅਤੇ ਲੋੜ ਅਨੁਸਾਰ ਕੋਈ ਸਾਖੀ ਸੁਣਾ ਕੇ ਫਿਰ ਧਾਰਨਾ ਲਾਉਂਦੇ ਤੇ ਐਸਾ ਰਸ ਬੱਝਦਾ ਕਿ ਸਮੇਂ ਦਾ ਪਤਾ ਹੀ ਨਾ ਲੱਗਦਾ । ਆਪਣੇ ਆਪ ਨੂੰ ਰਾੜਾ ਸਾਹਿਬ ਦੀ ਸੰਪਰਦਾ ਦੇ ਭਾਈਵਾਲ ਕਹਾਉਣ ਵਾਲੇ ਅੱਜ ਦੇ ਬਹੁਤੇ ਅਖੌਤੀ ਸੰਤਾਂ ਕੋਲ ਸਿਵਾਏ ਧਾਰਨਾ ਅਤੇ ਤੋਤੇ ਰਟਨ ਵਾਲੀਆਂ ਸਾਖੀਆਂ ਤੋਂ ਇਲਾਵਾ ਕੁਝ ਭੀ ਨਹੀਂ ਹੈ ।

ਸੁਰਤ-ਸ਼ਬਦ ਦੇ ਮੇਲ, ਮਨ ਨੂੰ ਟਿਕਾਉਣ ਅਤੇ ਨਾਮ ਜਪਣ ਦੀ ਵਿਧੀ, ਇਸ ਵਿਚ ਪੈਣ ਵਾਲੀਆਂ ਅਟਕਾਰਾਂ ਅਤੇ ਉਨ੍ਹਾਂ ਦਾ ਸਮਾਧਾਨ ਜੋ ਉਹ ਦੱਸਦੇ ਸਨ ਅੱਜ ਕੱਲ੍ਹ ਉਹ ਕੁਝ ਭੀ ਸੁਣਨ ਨੂੰ ਨਹੀਂ ਮਿਲਦਾ ।

ਪ੍ਰਸੰਗ ਚਾਹੇ ਹਿੰਤੋਪਦੇਸ਼ ਦਾ, ਗਿਆਨ, ਤਿਆਗ, ਵੈਰਾਗ ਜਾਂ ਬੀਰ ਰਸ, ਕਾਸੇ ਦਾ ਹੋਵੇ ਕਦੇ ਉਤੇਜਿਤ ਨਹੀਂ ਹੁੰਦੇ ਸਨ, ਬਿਰਤੀ ਹਮੇਸ਼ਾਂ ਇਕ ਰਸ ਰਹਿੰਦੀ ਸੀ ।

ਅਸੀਂ ਉਦੋਂ ਮਾਡਲ ਟਾਊਨ ਰਹਿੰਦੇ ਸਾਂ ਅਤੇ ਕਈ ਵਾਰੀ ਕੀਰਤਨ ਸੁਨਣ ਜਾਂਦੇ ਸਾਂ । ਬਾਈ ਨੰਬਰ ਫਾਟਕ 'ਤੇ ਸਵ. ਕਰਨਲ ਰਘਬੀਰ ਸਿੰਘ ਚੀਫ਼ ਮਨਿਸਟਰ ਪੈਪਸੂ ਦੀ ਨਾਲ ਲਗਦੀ ਕੋਠੀ ਵਿਚ ਸ੍ਰ. ਦਲੀਪ ਸਿੰਘ ਛੀਨਾ ਰਿਟਾਇਰਡ ਇੰਸਪੈਕਟਰ ਜਨਰਲ ਪੁਲਿਸ ਪੈਪਸੂ ਰਹਿੰਦੇ ਸਨ । ਇਕ ਦਿਨ ਮੈਂ ਜਰਨੈਲ ਸਾਹਿਬ ਨੂੰ ਜਾ ਕੇ ਕਿਹਾ ਕਿ ਸੰਤ ਜੀ ਬਹੁਤ ਅੱਛਾ ਕੀਰਤਨ ਕਰਦੇ ਹਨ ਇਸ ਲਈ ਤੁਸੀਂ ਭੀ ਚਲੋ । ਜਰਨੈਲ ਸਾਹਿਬ ਨੇ ਉੱਤਰ ਦਿੱਤਾ, "ਕਾਕਾ ਤੂੰ ਜਾਇਆ ਕਰ ਮੇਰਾ ਇਥੇ ਹੀ ਸਰ ਜਾਂਦਾ ਹੈ ।"

ਦੂਸਰੇ ਦਿਨ ਮੈਂ ਫਿਰ ਜਾ ਕੇ ਬੇਨਤੀ ਕੀਤੀ ਕਿ ਸੰਤ ਜੀ ਬਹੁਤ ਅੱਛਾ ਕੀਰਤਨ ਕਰਦੇ ਹਨ, ਤੁਸੀਂ ਭੀ ਚੱਲੋ । ਉਨ੍ਹਾਂ ਫਿਰ ਉਹੀ ਉੱਤਰ ਦਿੱਤਾ । ਉਨ੍ਹਾਂ ਦੇ ਨਾ ਜਾਣ ਦਾ ਕਾਰਨ ਪੁੱਛਣ 'ਤੇ ਉਨ੍ਹਾਂ ਕਿਹਾ ਕਿ ਮੈਂ ਵੱਡੇ ਬਾਬਾ ਜੀ ਦਾ ਕੀਰਤਨ ਸੁਣਦਾ ਹਾਂ । ਮੈਂ ਫਿਰ ਪੁੱਛਿਆ ਕਿ ਵੱਡੇ ਬਾਬਾ ਜੀ ਕਿਥੇ ਹਨ, ਉਨ੍ਹਾਂ ਨੇ ਹੱਥ ਨਾਲ ਕੋਠੀ ਦੇ ਚੁਬਾਰੇ ਵੱਲ ਇਸ਼ਾਰਾ ਕਰ ਦਿੱਤਾ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਸੀ ।

ਮੈਨੂੰ ਗੱਲ ਪੂਰੀ ਤਰ੍ਹਾਂ ਸਮਝ ਨਾ ਆਈ । ਮੇਰੀ ਹੈਰਾਨੀ ਦੂਰ ਕਰਨ ਲਈ ਉਨ੍ਹਾਂ ਆਪਣੀ ਹੱਡਬੀਤੀ ਇੰਜ ਬਿਆਨ ਕੀਤੀ ।

"ਇਕ ਦਿਨ ਮੈਂ ਸਹਿਜ ਪਾਠ ਕਰ ਰਿਹਾ ਸਾਂ । ਪਾਠ ਕਰਦੇ ਸੂਹੀ ਰਾਗ ਦੇ ਕੁਝ ਅਜਿਹੇ ਸ਼ਬਦਾਂ ਦਾ ਪਾਠ ਆਇਆ ਜਿਸ ਤੋਂ ਇਹ ਸਮਝ ਪੈਂਦੀ ਸੀ ਕਿ ਕੋਈ ਸੰਤ ਮਹਾਂਪੁਰਸ਼ ਦੀ ਸੰਗਤ ਬਗ਼ੈਰ ਗੁਜ਼ਾਰਾ ਨਹੀਂ ਹੈ । ਮਨ ਵਿਚ ਦੁਬਿਧਾ ਖੜ੍ਹੀ ਹੋ ਗਈ, ਪਾਠ ਵਿਚ ਮਨ ਨਾ ਲੱਗੇ । ਅਖ਼ੀਰ ਮੈਂ ਗੁਰੂ ਮਹਾਰਾਜ 'ਤੇ ਰੁਮਾਲਾ ਦੇ ਕੇ, ਗੁਰੂ ਮਹਾਰਾਜ ਦੇ ਸਨਮੁੱਖ ਹੋ ਅਰਦਾਸ ਕੀਤੀ ਕਿ ਹੇ ਦਸਮੇਸ਼ ਪਿਤਾ ! ਤੁਸੀਂ ਸਾਨੂੰ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਇਆ ਸੀ ਪਰ ਗੁਰਬਾਣੀ ਦੇ ਭਾਵ ਜੋ ਮੈਨੂੰ ਸਮਝ ਪੈ ਰਹੇ ਹਨ ਉਸ ਅਨੁਸਾਰ ਕਿਸੇ ਹੀਨ ਹਯਾਤ ਸੰਤ ਦੀ ਲੋੜ ਮਹਿਸੂਸ ਹੁੰਦੀ ਹੈ । ਦਾਸਰੇ 'ਤੇ ਕਿਰਪਾ ਕਰੋ ਜੀ, ਜੋ ਆਪ ਦਾ ਹੁਕਮ ਹੈ ਪ੍ਰਤੱਖ ਤੌਰ 'ਤੇ ਜ਼ਾਹਿਰ ਕਰੋ ਜੀ ।

"ਅਰਦਾਸ ਕਰ ਕੇ ਮੈਂ ਫਿਰ ਪਾਠ ਕਰਨ ਲੱਗ ਪਿਆ। ਪਾਠ ਕਰਦੇ ਦੇ ਮੇਰੇ ਸਿਰ ਪੀੜ ਹੋਣੀ ਸ਼ੁਰੂ ਹੋ ਗਈ । ਦੂਸਰੇ ਪਾਸੇ ਪਾਠ ਦਾ ਆਨੰਦ ਆਉਣ ਲੱਗ ਪਿਆ। ਸਿਰ ਦੀ ਪੀੜ ਭੀ ਵਧਦੀ ਗਈ ਅਤੇ ਪਾਠ ਦਾ ਆਨੰਦ ਭੀ ਵਧਦਾ ਗਿਆ। ਹਾਲਤ ਇਹ ਹੋ ਗਈ ਕਿ ਮੈਨੂੰ ਲੱਗਾ ਕਿ ਮੇਰਾ ਸਿਰ ਫੱਟ ਜਾਵੇਗਾ ਪਰ ਗੁਰੂ ਮਹਾਰਾਜ ਦੀ ਕ੍ਰਿਪਾ ਸਦਕਾ ਮੈਂ ਪਾਠ ਜਾਰੀ ਰੱਖਿਆ ।

"ਫਿਰ ਮੈਨੂੰ ਮਹਿਸੂਸ ਹੋਇਆ ਕਿ ਕਿਸੇ ਨੇ ਮੇਰੇ ਮੱਥੇ ਅੱਗੋਂ, ਜਿਸ ਤਰ੍ਹਾਂ ਅਲਮਾਰੀ ਦਾ ਸਲਾਈਡਿੰਗ ਸ਼ੀਸ਼ਾ ਹਟਾਈਦਾ ਹੈ ਇਸ ਤਰ੍ਹਾਂ ਕੁਝ ਪਰਦਾ ਹਟਾ ਦਿੱਤਾ ਹੈ । ਆਨੰਦਮਈ ਪਾਠ ਮੇਰਾ ਜਾਰੀ ਰਿਹਾ । ਪਾਠ ਕਰਦੇ ਕਰਦੇ ਮੈਂ ਦੇਖਿਆ ਕਿ ਦੂਰ ਇਕ ਛੋਟਾ ਜਿਹਾ ਪ੍ਰਕਾਸ਼ ਬਿੰਦੂ ਹੈ ਅਤੇ ਮੇਰੇ ਵੱਲ ਆ ਰਿਹਾ ਹੈ ਅਤੇ ਇਹ ਪ੍ਰਕਾਸ਼ ਮੈਂ ਦੀਵਾਰ ਵਿਚ ਦੀ ਆਰ-ਪਾਰ ਦੇਖ ਰਿਹਾ ਸਾਂ। ਹੌਲੀ ਹੌਲੀ ਉਹ ਪ੍ਰਕਾਸ਼ ਮੇਰੇ ਕੋਲ ਆ ਗਿਆ । ਅਖ਼ੀਰ ਵਿਚ ਉਹ ਲਾਈਟ ਮੇਰੇ ਪਾਠ ਵਾਲੇ ਕਮਰੇ ਵਿਚ ਆ ਗਈ ਅਤੇ ਉਹ ਲਾਈਟ ਇਕ ਵੱਡੇ ਪ੍ਰਕਾਸ਼ ਦੇ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦਾ ਸਰੂਪ ਸੀ । ਕੋਈ ਹੋਰ ਆਦਮੀ ਉਥੇ ਨਹੀਂ ਸੀ ਅਤੇ ਪ੍ਰਕਾਸ਼ਮਈ ਸਰੂਪ ਨੂੰ ਆਟੋਮੈਟਿਕ ਚੌਰ ਹੋ ਰਿਹਾ ਸੀ ।

"ਐਸੀ ਗੁਰੂ ਮਹਾਰਾਜ ਨੇ ਕਿਰਪਾ ਕੀਤੀ, ਸਰੀਰ ਮੇਰਾ ਪਹਿਲੇ ਸਰੂਪ ਦੀ ਤਾਬਿਆ ਹੈ, ਸੂਖ਼ਸਮ ਸਰੀਰ ਰਾਹੀਂ ਮੈਂ ਨਵੇਂ ਆਏ ਸਰੂਪ ਨੂੰ ਮੱਥਾ ਟੇਕਿਆ, ਹੁਕਮਨਾਮਾ ਲਿਆ ਪਰ ਉਹ ਹੁਕਮਨਾਮਾ ਮੇਰੇ ਹੁਣ ਯਾਦ ਨਹੀਂ ।

"ਬਸ ਉਸ ਦਿਨ ਤੋਂ ਮੈਨੂੰ ਯਕੀਨ ਆ ਗਿਆ ਕਿ ਗੁਰੂ ਗ੍ਰੰਥ ਸਾਹਿਬ ਤੋਂ ਵੱਡਾ ਕੋਈ ਸੰਤ ਨਹੀਂ, ਮੇਰੀ ਸਾਰੀ ਭਟਕਣਾਂ ਮੁੱਕ ਗਈ, ਹੁਣ ਮੈਨੂੰ ਕਿਤੇ ਜਾਣ ਦੀ ਲੋੜ ਨਹੀਂ ।"

❖❖❖

# ਨਿਜੀ ਜੀਵਨ

ਸਾਰੀ ਉਮਰ ਜਿਥੇ ਕਿਤੇ ਵੀ ਸਰਵਿਸ ਵੇਲੇ ਰਹੇ, ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦਾ ਸਰੂਪ ਨਾਲ ਰਿਹਾ । ਨਿਤਨੇਮ ਤੋਂ ਇਲਾਵਾ ਸਹਿਜ ਪਾਠ ਚਲਦਾ ਰਹਿੰਦਾ ਸੀ । ਗੁਰੂ ਮਹਾਰਾਜ ਦੀ ਸੇਵਾ ਲਈ ਪਾਠੀ ਸਿੰਘ ਭੀ ਸਰਵਿਸ ਵੇਲੇ ਅਤੇ ਪਿਛੋਂ ਭੀ ਕਾਫੀ ਦੇਰ ਤੱਕ ਰਖਦੇ ਰਹੇ । ਹਰ ਮਹੀਨੇ ਸਹਿਜ ਪਾਠ ਦਾ ਭੋਗ ਪਾ ਕੇ ਕੋਠੀ ਵਿਚ ਦੇਗ ਵਰਤਾਉਂਦੇ ਰਹੇ ਅਤੇ ਪਾਠੀ ਸਿੰਘ ਦੀ ਮਾਇਆ ਬਸਤਰ ਆਦਿ ਨਾਲ ਸੇਵਾ ਕਰਦੇ ਰਹੇ ।

ਜਿਥੇ ਤੱਕ ਮੈਨੂੰ ਪਤਾ ਹੈ ਕਿ ਸਰਦਾਰ ਸਾਹਿਬ ਅੱਧੀ ਰਾਤ ਨੂੰ ਉੱਠ ਕੇ ਨਾਮ ਅਭਿਆਸ ਕਰ ਕੇ ਪਹੁ ਫੁਟਾਲੇ ਤੋਂ ਪਹਿਲਾਂ ਸੌਂ ਜਾਂਦੇ ਸਨ । ਫਿਰ ਦਿਨ ਚੜ੍ਹੇ ਨਿਤਨੇਮ ਦਾ ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਦੇ ਸਨ ।

ਦਿਨ ਵਿਚ ਗੁਟਕੇ ਤੋਂ ਸੁਖਮਨੀ ਸਾਹਿਬ ਦੇ ਪਾਠ ਤੋਂ ਇਲਾਵਾ ਗੁਰਮਤਿ ਦੀਆਂ ਪੁਸਤਕਾਂ ਪੜ੍ਹਨ ਦੇ ਭੀ ਸ਼ੁਕੀਨ ਸੀ । ਭਾਈ ਵੀਰ ਸਿੰਘ ਜੀ ਦੀਆਂ ਕਿਤਾਬਾਂ ਦਾ ਪੂਰਾ ਸੈੱਟ ਉਨ੍ਹਾਂ ਕੋਲ ਸੀ ਅਤੇ ਭਾਈ ਸਾਹਿਬ ਵਲੋਂ ਚਲਾਇਆ "ਖਾਲਸਾ ਸਮਾਚਾਰ" ਹਫਤਾਵਾਰੀ ਅਖ਼ਬਾਰ ਲਗਾਤਾਰ ਆਉਂਦਾ ਰਹਿੰਦਾ ਸੀ । ਸੰਤ ਅਤਰ ਸਿੰਘ ਜੀ ਮਸਤੂਆਣਾ ਦੀ ਸੰਗਤ ਅਤੇ ਸੰਤ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਦੀ ਸੰਗਤ ਭੀ ਕਰਦੇ ਰਹੇ । ਪਹਿਲਾਂ ਪਹਿਲ ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਦੀ ਸੰਗਤ ਭੀ ਕਰਦੇ ਰਹੇ ਪਰ ਫਿਰ

**ਕਤ ਜਾਈਐ ਲੇ ਘਰਿ ਲਾਗਉ ਰੰਗੁ ॥ ਅੰਗ 11*5 ॥**

ਵਾਲੀ ਅਵਸਥਾ ਬਣ ਗਈ। ਅੰਤਰ ਆਤਮੇ ਅਜੱਪਾ ਜਾਪ ਨਿਰੰਤਰ ਚਲਦਾ ਰਹਿੰਦਾ ਸੀ । ਗੁਹਜ ਗੱਲ ਬਹੁਤ ਘੱਟ ਕਰਦੇ ਸਨ। ਕਦੇ ਕਦੇ ਮੌਜ ਵਿਚ ਆ ਕੇ ਕੋਈ ਗੱਲ ਕਰਦੇ ਸਨ । ਇਕ ਦਿਨ ਕਹਿਣ ਲੱਗੇ ਦੁਨਿਆ ਐਵੇਂ ਹੀ ਸਮਾਧੀਆਂ ਲਗਾਉਂਦੀ ਹੈ। ਤੁਰਦੇ ਫਿਰਦੇ ਹੀ ਗੁਰੂ ਸਾਹਿਬ, ਪੰਜ, ਪਿਆਰੇ, ਭਗਤ ਜਨ ਅਤੇ ਸ਼ਹੀਦ ਸਿੰਘ ਦੇ ਦਰਸ਼ਨ ਹੋ ਜਾਂਦੇ ਹਨ । ਫਿਰ ਬੋਲੇ ਕਿ ਜੋ ਮੈਨੂੰ ਯਾਦ ਕਰਦਾ ਹੈ ਉਸ ਦੀ ਫੋਟੋ ਮੇਰੀਆਂ ਅੱਖਾਂ ਅੱਗੇ ਆ ਜਾਂਦੀ ਹੈ ।

ਕਿਉਂਕਿ ਅਨੁਭਵੀ ਗਿਆਨ ਪ੍ਰਾਪਤ ਸੀ ਇਸ ਲਈ ਗੁਰਬਾਣੀ ਦੇ ਅੱਖਰ ਅੱਖਰ ਨੂੰ ਸੱਚ ਮੰਨਦੇ ਸੀ । ਆਪਣੀ ਹੱਡ ਬੀਤੀ ਸੁਣਾਉਂਦਿਆਂ ਦੱਸਿਆ ਕਿ "ਇਕ ਦਿਨ ਮੰਜੇ ਤੇ ਲੇਟਿਆ ਹੋਇਆ ਸੀ, ਗੁਰਬਾਣੀ ਦੀ ਇਕ ਤੁਕ ਸਾਹਮਣੇ ਆ ਗਈ :

**ਜਤਿ ਜਾਤ ਜਾਤ ਜਾਤ ਸਦਾ ਸਦਾ ਸਦਾ ਕਾਲ ਹਈ ॥**
**ਮਾਨੁ ਮਾਨੁ ਮਾਨੁ ਤਿਆਗਿ ਮਿਰਤੁ ਮਿਰਤੁ**
**ਨਿਕਟਿ ਨਿਕਟਿ ਸਦਾ ਹਈ ॥ ਅੰਗ 1308 ॥**

ਮਨ ਵਿਚ ਇਹ ਫੁਰਨਾ ਆਇਆ ਕਿ ਬਾਣੀ ਕਹਿ ਰਹੀ ਹੈ ਕਾਲ ਤੇਰੇ ਨਾਲ ਹੀ ਹੈ ਪਰ ਕਦੇ ਦੇਖਿਆ ਨਹੀਂ । ਫੁਰਨਾ ਆਉਣ ਦੀ ਦੇਰ ਸੀ ਕਿ ਤਾਲੂਏ ਚੋਂ ਇਕ ਚੀਜ਼ ਨਿਕਲੀ ਜੋ ਪਹਿਲਾਂ ਹੱਥ ਦੇ ਅੰਗੂਠੇ ਜਿੰਨੀ ਸੀ । ਫਿਰ ਵਧਦੀ ਵਧਦੀ ਭਿਆਨਕ ਰੂਪ ਵਾਲੀ ਬਣ ਕੇ ਛਾਤੀ 'ਤੇ ਬੈਠ ਕੇ ਅੰਗੂਠਾ ਮੇਰੀ ਸ਼ਾਹ ਰਗ 'ਤੇ ਧਰ ਕੇ ਦਬਾਉਣ ਲੱਗੀ । ਇਕ ਸੈਕਿੰਡ ਲਈ ਮੈਂ ਠਠੰਬਰ ਕੇ ਵਾਹਿਗੁਰੂ ਮੰਤਰ ਦਾ ਜਾਪ ਸ਼ੁਰੂ ਕਰ ਦਿੱਤਾ । ਜਿਉਂ ਜਿਉਂ ਜਾਪ ਵਧਿਆ ਉਸ ਦੀ ਪਕੜ ਢਿੱਲੀ ਹੁੰਦੀ ਗਈ। ਆਖੀਰ ਉਸੇ ਮੁਢਲੇ ਛੋਟੇ ਅਕਾਰ ਵਿਚ ਹੋ ਕੇ ਤਾਲੂਏ ਰਾਹੀਂ ਅੰਦਰ ਚਲੀ ਗਈ । ਇਸ ਤਰ੍ਹਾਂ ਸਤਿਗੁਰੂ ਦਾ ਫੁਰਮਾਨ :

**ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ**
**ਹਰਿ ਕਰਤਾ ਆਪਿ ਮੂਹਹੁ ਕਢਾਏ ॥ ਅੰਗ 308 ॥**

ਸਹੀ ਸਿੱਧ ਹੋ ਗਿਆ" ।

ਗੁਰ ਸ਼ਬਦ ਦੀ ਕਮਾਈ ਸਦਕਾ ਬਿਰਤੀ ਅੰਤਰਮੁਖੀ ਹੋ ਗਈ, ਦੁਨਿਆਵੀ ਗੱਲਾਂ ਘੱਟ ਗਈਆਂ ਅਤੇ ਲੋਕਾਚਾਰੀ ਵਾਲਾ ਮੇਲ ਮਿਲਾਪ ਭੀ ਘਟ ਗਿਆ ।

ਬਾਹਰ ਸੈਰ ਕਰਨ ਲਈ ਜਾਣ ਵੇਲੇ ਛਤਰੀ ਕੋਲ ਰਖਣੀ ਅਤੇ ਜਦ ਕੋਈ ਬੰਦਾ ਸਾਹਮਣੇ ਆਉਂਦਾ ਦੇਖਣਾ ਛੱਤਰੀ ਉਸ ਵੱਲ ਕਰ ਕੇ ਆਪਣਾ ਮੂੰਹ ਦੂਸਰੇ ਪਾਸੇ ਕਰ ਲੈਣਾ । ਜਦ ਇਕ ਵਾਰੀ ਇੰਦਾ ਕਰਨ ਦਾ ਕਾਰਨ ਪੁਛਿਆ ਤਾਂ ਕਹਿਣ ਲੱਗੇ "ਇਨ੍ਹਾਂ ਦੀਆਂ ਫ਼ਜ਼ੂਲ ਗੱਲਾਂ ਲਈ ਮੇਰੇ ਕੋਲ ਵਕਤ ਨਹੀਂ । ਯਾ ਤਾਂ ਮੇਰੀਆਂ ਝੂਠੀਆਂ ਸਿਫਤਾਂ ਕਰਨਗੇ ਜਾਂ ਫਿਰ ਫਿਰ ਹੋਰਾਂ ਦੀਆਂ ਚੁਗਲੀਆਂ । ਇਸ ਲਈ ਕਿਉਂ ਸਮਾਂ ਖਰਾਬ ਕਰੀਏ ?"

❖❖❖

# ਆਖਰੀ ਮੁਲਾਕਾਤ

ਮੇਰੇ ਵੱਡੇ ਭਾਈ ਸਾਹਿਬ ਅਤੇ ਮੈਂ 1992 ਦੀਆਂ ਗਰਮੀਆਂ ਵਿਚ ਸੰਗਰੂਰ ਕਿਸੇ ਸਰਕਾਰੀ ਕੰਮ ਗਏ । ਕੰਮ ਤੋਂ ਵਿਹਲੇ ਹੋ ਕੇ ਮਨ ਵਿਚ ਆਇਆ ਕਿ ਦਰਸ਼ਨ ਕਰਨ ਚਲੀਏ । ਸਰਕਾਰੀ ਪੀ.ਡਬਲਿਊ.ਡੀ. ਦੇ ਰੈਸਟ ਹਾਊਸ ਦੇ ਸਾਹਮਣੇ ਇਨ੍ਹਾਂ ਦੇ ਜੁਆਈ ਸ. ਨਸੀਮ ਸਿੰਘ ਦੀ ਕੋਠੀ ਵਿਚ ਰਹਿੰਦੇ ਸਨ । ਅਸੀਂ ਜਾ ਕੇ ਫਤਹਿ ਬੁਲਾਈ ਅਤੇ ਨਮਸਕਾਰ ਕੀਤੀ । ਉਮਰ ਉਦੋਂ ਤਕਰੀਬਨ 92 ਸਾਲ ਦੀ ਸੀ ਸਰੀਰ ਕਮਜ਼ੋਰ ਹੋ ਗਿਆ ਸੀ ਪਰ ਚੜ੍ਹਦੀ ਕਲਾ ਵਿਚ ਅਤੇ ਆਪਣੀ ਸਾਰੀ ਕਿਰਿਆ ਆਪ ਸਾਧਦੇ ਸਨ ।

ਗੱਲਾਂ ਬਾਤਾਂ ਕਰਦੇ ਕਹਿਣ ਲੱਗੇ ਕਿ ਮਨ ਦੀ ਕੋਈ ਖਾਹਸ਼ ਹੀ ਨਹੀਂ ਰਹੀ, ਕੋਈ ਲਾਲਸਾ ਹੀ ਬਾਕੀ ਨਹੀਂ ਹੈ । ਬਹੁਤ ਕੁਝ ਦੇਖਿਆ ਅਤੇ ਮਾਣਿਆ ਹੈ । ਅਸਲੀ ਅਰਥਾਂ ਵਿਚ ਰਾਜ ਅਸੀਂ ਕੀਤਾ ਹੈ ਅਤੇ ਸਾਡੇ ਸਿਰ ਤੇ ਰਾਜਿਆਂ ਨੇ ਰਾਜ ਕੀਤਾ ਹੈ । ਸਭ ਇੱਛਾਵਾਂ ਪੂਰੀਆਂ ਹੋ ਗਈਆਂ ਹੁਣ ਹਰ ਤਰ੍ਹਾਂ ਨਾਲ ਤਿਆਰ ਬੈਠੇ ਹਾਂ ਕਿ ਕਦ ਸਦਾ ਆਵੇ ਅਤੇ ਕਦ ਪਰਮ ਆਨੰਦ ਵਿਚ ਅਭੇਦ ਹੋ ਜਾਈਏ ।

**ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ ॥**
**ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦ ॥ ਅੰਗ 1365 ॥**

ਕੁਰਸੀ ਤੋਂ ਉੱਠਣ ਲੱਗੇ ਮੈਂ ਸਹਾਰਾ ਦੇਣਾ ਚਾਹਿਆ ਪਰ ਮਨ੍ਹਾ ਕਰ ਦਿੱਤਾ ਅਤੇ ਕਹਿਣ ਲੱਗੇ ਮੈਂ ਬਿਲਕੁਲ ਤੰਦਰੁਸਤ ਹਾਂ ਜਿਸ ਦਿਨ ਸਹਾਰੇ ਦੀ ਨੌਬਤ ਆਈ ਸਮਝੋ ਕੰਮੋ ਗਿਆ ।

ਸ੍. ਨਸੀਮ ਸਿੰਘ (ਜੁਆਈ) ਤੋਂ ਪੁਛਣ ਤੇ ਉਨ੍ਹਾਂ ਦਸਿਆ ਕਿ ਹੁਣ ਭੀ ਹਲਕੀ ਵਰਜਿਸ਼ ਕਰਦੇ ਹਨ । ਫੁਲਕਾ ਕੇਵਲ ਦੁਪਹਿਰ ਨੂੰ ਖਾਂਦੇ ਹਨ । ਸਵੇਰ ਸ਼ਾਮ ਦੁਧ ਲੈਂਦੇ ਹਨ ਅਤੇ ਕੋਠੀ ਦੇ ਵਰਾਂਡੇ ਦੇ ਪੰਦਰਾਂ ਵੀਹ ਚੱਕਰ ਇਨ੍ਹਾਂ ਦੀ ਸੈਰ ਹੈ । ਪੁਰਾਣੀਆਂ ਮਿੱਠੀਆਂ ਯਾਦਾਂ ਨੂੰ ਤਾਜ਼ਾ ਕਰਦੇ ਅਸੀਂ ਵਾਪਿਸ ਪਰਤ ਆਏ । ਅਕਤੂਬਰ 1992 ਵਿਚ ਦੁਪਹਿਰੇ ਪ੍ਰਸ਼ਾਦਾ ਛੱਕ ਰਹੇ ਸੀ ਕੇਵਲ ਇਕ ਬੁਰਕੀ ਬਾਕੀ ਸੀ ਕਿ ਹਮੇਸ਼ਾਂ ਲਈ ਰਸਦ ਪੂਰੀ ਹੋ ਗਈ ।

ਜਿੰਨੀਆਂ ਕੁ ਗੱਲਾਂ ਜਰਨੈਲ ਸਾਹਿਬ ਨੇ ਦੱਸੀਆਂ ਉਨ੍ਹਾਂ ਕੁ ਹੀ ਦੱਸ ਸਕਿਆ ਹਾਂ। ਇਸ ਤੋਂ ਇਲਾਵਾ ਹੋਰ ਬਹੁਤ ਕੁਝ ਹੋਵੇਗਾ ਜੋ ਉਹ ਨਾਲ ਲੈ ਗਏ । "ਮੇਰੀ ਛਿਪੇ ਰਹਿਣ ਦੀ ਚਾਹ ਅਤੇ ਟੁਰ ਛਿਪ ਜਾਣ ਦੀ" (ਭਾਈ ਵੀਰ ਸਿੰਘ) ਦੇ ਧਾਰਨੀ ਸ. ਦਲੀਪ ਸਿੰਘ ਛੀਨਾ ਭਾਵੇਂ ਇਸ ਲਿਖਤ ਨਾਲ ਉਨ੍ਹਾਂ ਨੂੰ ਪ੍ਰਗਟ ਕਰਨ ਲਈ ਸ਼ਾਇਦ ਉਹ ਖੁਸ਼ ਨ ਹੋਣ ਪਰ ਮੇਰੇ ਅੰਦਰੋਂ ਧੁਰ ਆਤਮਾ 'ਚੋਂ ਉਠੀ ਪ੍ਰੇਰਣਾ ਮੈਂ ਦਬਾ ਨਹੀਂ ਸਕਿਆ । ਦੂਸਰੀ ਗੱਲ ਇਹ ਸੀ ਕਿ ਦੁਨਿਆਂ ਨੂੰ ਪਤਾ ਚੱਲ ਜਾਵੇ ਕਿ ਗੁਰਸਿੱਖੀ ਦਾ ਬੀਜ ਨਾਸ਼ ਅਜੇ ਨਹੀਂ ਹੋਇਆ ਅਤੇ ਨਾ ਹੀ ਹੋਵੇਗਾ ।

**ਤੇ ਸੰਤ ਭਲੇ ਗੁਰਸਿਖ ਹੈ**
**ਜਿਨ ਨਾਹੀ ਚਿੰਤ ਪਰਾਈ ਚੁਖਾ ॥ ਅੰਗ 588 ॥**

❖❖❖

## ਸੰਸਥਾ ਵੱਲੋਂ ਪ੍ਰਕਾਸ਼ਿਤ ਪੁਸਤਕਾਂ ਮਿਲਣ ਦਾ ਪਤਾ

1. ਗੁਰਮਤਿ ਪੁਸਤਕ ਭੰਡਾਰ (31 ਨੰ: ਵਾਲੇ), 154 ਘੰਟਾ ਘਰ ਮਾਰਕੀਟ, ਅੰਮ੍ਰਿਤਸਰ ਮੋ: 98726-58302
2. ਸਿੰਘ ਬ੍ਰਦਰਜ਼ - ਅੰਮ੍ਰਿਤਸਰ ।
3. ਸ. ਤੇਜਾ ਸਿੰਘ ਤਿਲਕ ਐਮ.ਏ.ਬੀ.ਐਡ., ਭਗਤ ਸਿੰਘ ਨਗਰ, ਨਾਨਕਸਰ ਰੋਡ, ਬਰਨਾਲਾ - ਮੋ: 98766-36159
4. ਡਾ. ਅਨੋਖ ਸਿੰਘ ਚੀਨੀ ਹਸਪਤਾਲ, ਬੀਬੀ ਵਾਲਾ ਰੋਡ, ਗਲੀ ਨੰ: 4, ਬਠਿੰਡਾ - ਮੋ: 94172-40974

5. ਸ. ਜਗਜੀਵਨ ਸਿੰਘ ਸਪੁੱਤਰ ਸ੍ਰ. ਵਕੀਲ ਸਿੰਘ, ਮਕਾਨ ਨੰ: 23593, ਹਰਬੰਸ ਨਗਰ, ਬਠਿੰਡਾ - ਮੋ: 94634-37236, 798●1-13124

6. ਸ. ਅਨਭੋਲ ਸਿੰਘ ਐਡੀਟਰ "ਸਚ ਕੀ ਬੇਲਾ" ਪਿੰਡ ਦੀਵਾਨਾ ।
ਮੋ: 98762-●4624

7. ਬਾਬਾ ਜੋਧ ਸਿੰਘ, ਨਿਰਮਲ ਆਸ਼ਰਮ, ਰਿਸ਼ੀਕੇਸ਼, ਉਤਰਾਖੰਡ ।
ਮੋ: ●98379-99919

8. ਸ. ਚਰਨਜੀਤ ਸਿੰਘ ਸੰਧੂ, 74● ਜੀ, ਐਮ.ਆਈ.ਜੀ. ਫਲੈਟਸ, ਜੀ.ਐਚ.-14, ਪਸਚਿੰਮ ਵਿਹਾਰ, ਨਵੀਂ ਦਿੱਲੀ ।
ਫੋਨ : ●11-25285662, ●98719-39422

9. ਗੁਰਦੁਆਰਾ ਦੁਖਨਿਵਾਰਨ ਸਾਹਿਬ ਪਟਿਆਲਾ ਦੀ ਦੁਕਾਨ ਨੰ: 13 ਅਤੇ ਦੁਕਾਨ ਨੰ: 15 ਤੋਂ ਮਿਲ ਸਕਦੀਆਂ ਹਨ ।

## ਗੁਰਮਤਿ ਵਿਚਾਰ ਕੇਂਦਰ ਦੀ ਸੇਵਾ ਦਾ ਵੇਰਵਾ

ਪਿਛਲੇ ਤਕਰੀਬਨ ਗਿਆਰਾਂ ਸਾਲਾਂ ਤੋਂ ਸਿੱਖ ਧਰਮ ਦੇ ਇਤਿਹਾਸ, ਸਿੱਖੀ ਸਿਧਾਂਤ, ਗੁਰ ਸ਼ਬਦ ਵੀਚਾਰ ਅਤੇ ਚਲੰਤ ਮਸਲਿਆਂ ਬਾਰੇ ਛੋਟੇ ਛੋਟੇ ਟ੍ਰੈਕਟ ਲਿਖ ਕੇ ਧਾਰਮਕ ਜੋੜ ਮੇਲਿਆਂ ਤੇ ਭੇਟਾ ਰਹਿਤ ਵੰਡੇ ਜਾ ਰਹੇ ਹਨ । ਇਨ੍ਹਾਂ ਟ੍ਰੈਕਟਾਂ ਦੀ ਗਿਣਤੀ ਹੁਣ 98 ਤੱਕ ਪੁੱਜ ਗਈ ਹੈ । ਰਣਜੀਤ ਸਿੰਘ ਨਗਰ ਵਿੱਚ ਦੋ ਧਾਰਮਿਕ ਅਸਥਾਨਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਪਾਠ ਦੀ ਸੰਥਿਆ ਦੀ ਸੇਵਾ ਚੱਲ ਰਹੀ ਹੈ । ਇਸ ਤੋਂ ਇਲਾਵਾ ਸਕੂਲੀ ਬੱਚਿਆਂ ਨੂੰ ਕੀਰਤਨ ਅਤੇ ਗਤਕਾ ਵੀ ਸਿਖਾਇਆ ਜਾ ਰਿਹਾ ਹੈ । ਬੱਚਿਆਂ ਨੇ ਇਹਨਾਂ ਵਿਸ਼ਿਆਂ ਦੇ ਮੁਕਾਬਲਿਆਂ ਵਿੱਚ ਉਚ ਪੱਧਰੀ ਇਨਾਮ ਪ੍ਰਾਪਤ ਕੀਤੇ ਹਨ । ਸਿੱਖੀ ਪ੍ਰਚਾਰ ਅਤੇ ਸਿੱਖ ਵਿਰੋਧੀ ਪ੍ਰਚਾਰ ਨੂੰ ਠੱਲ ਪਾਉਣ ਲਈ ਹੇਠ ਲਿਖੀਆਂ ਪੁਸਤਕਾਂ ਅਤੇ ਕਿਤਾਬਚੇ ਵੀ ਪ੍ਰਕਾਸ਼ਿਤ ਕੀਤੇ ਹਨ ।

1. "ਸਭ ਦੁਸ਼ਟ ਝਖ ਮਾਰਾ" ਗੁਰਬਖਸ਼ ਸਿੰਘ ਕਾਲਾ ਅਫਗਾਨਾ ਦੀਆਂ ਲਿਖਤਾਂ ਦਾ ਉੱਤਰ ।
2. ਸ੍ਰੀ ਦਸਮ ਗ੍ਰੰਥ ਸਾਹਿਬ ਦਾ ਇਤਿਹਾਸਕ ਅਤੇ ਅਧਿਆਤਮਕ ਪੱਖ" ।
3. "ਕਾਮਰੇਡੀ ਸਿੱਖਾਂ ਦੇ ਕੌਤਕ" ਇੰਦਰ ਸਿੰਘ ਘੱਗਾ ਅਤੇ ਸੁਖਵਿੰਦਰ ਸਿੰਘ (ਸਭਰਾ ਦੀਆਂ ਲਿਖਤਾਂ ਦਾ ਉੱਤਰ)
4. "ਸ੍ਰੀ ਦਸਮ ਗ੍ਰੰਥ ਸਾਹਿਬ ਪ੍ਰਸ਼ਨੋਤ੍ਰੀ" ।
5. "ਸਤਿਗੁਰ ਬਾਝਹੁ ਗੁਰ ਨਹੀ ਕੋਈ" ਰਾਧਾ ਸੁਆਮੀ, ਨਿਰੰਕਾਰੀ ਅਤੇ ਕੂਕਿਆਂ ਬਾਰੇ ।
6. "ਗੰਜੇ ਸ਼ਹੀਦਾਂ" ਜੋਗੀ ਅਲ੍ਹਾ ਯਾਰ ਖਾਂ ਦੀ ਕਵਿਤਾ ਔਖੇ ਅੱਖਰਾਂ ਦੇ ਅਰਥਾਂ ਸਮੇਤ ।
7. ਗਿਆਨੀ ਦਿੱਤ ਸਿੰਘ ਦਾ ਸਾਧੂ ਦਯਾਨੰਦ ਨਾਲ ਸੰਵਾਦ ।
8. "ਪੰਥ ਕਰੂਗਾ ਫੈਸਲਾ"
9. ਦਸਵਾਂ ਨਾਨਕ ।
1●. "ਸ੍ਰੀ ਦਸਮ ਗ੍ਰੰਥ ਸਾਹਿਬ ਦੇ ਸਵਾਲਾਂ ਦੇ ਜਵਾਬ ਦਾ ਜਵਾਬ ।
11. "ਕਾਮਰੇਡੀ ਸਿੱਖਾਂ ਦੇ ਕੌਤਕ" ਭਾਗ (2) ।
12. ਬਾਬੇ ਦੀ ਬਗਦਾਦ ਫੇਰੀ (ਅੰਖੀਂ ਦੇਖੀ ਹੱਡ ਬੀਤੀ)